# ਸ੍ਰੀ ਅੰਮ੍ਰਿਤਸਰ ਸਾਹਿਬ ਜੀ

ਅੰਮ੍ਰਿਤਸਰ ਸ਼ਹਿਰ ਨੂੰ ਗੁਰੂ ਅਮਰਦਾਸ ਸਾਹਿਬ ਜੀ ਦੇ ਹੁਕਮ ਨਾਲ ਚੌਥੇ ਪਾਤਸ਼ਾਹ (ਗੁਰੂ) ਰਾਮਦਾਸ ਸਾਹਿਬ ਜੀ ਨੇ ਵਸਾਇਆ । ਇੱਥੇ ਪਹਿਲਾਂ ਬੜਾ ਰਮਣੀਕ ਜੰਗਲ ਹੁੰਦਾ ਸੀ । ਗੁਰੂ ਨਾਨਕ ਸਾਹਿਬ ਜੀ, ਗੁਰੂ ਅੰਗਦ ਸਾਹਿਬ ਜੀ ਤੇ ਗੁਰੂ ਅਮਰਦਾਸ ਸਾਹਿਬ ਜੀ ਇੱਥੇ ਆਉਂਦੇ ਰਹਿੰਦੇ ਸਨ । ਗੁਰੂ ਰਾਮਦਾਸ ਸਾਹਿਬ ਜੀ ਨੇ ਜੰਗਲ ਵਿਚ ਰੌਣਕਾਂ ਲਗਾ ਦਿੱਤੀਆਂ ।

ਪਾਣੀ ਦੀ ਲੋੜ ਨੂੰ ਮੁੱਖ ਰਖਦਿਆਂ ਇੱਥੇ ਇੱਕ ਵੱਡੇ ਸਰੋਵਰ ਦੀ ਖੁਦਾਈ ਆਰੰਭ ਕਰਾ ਦਿੱਤੀ । ਇੱਕ ਵੱਡਾ ਵਪਾਰਕ ਕੇਂਦਰ ਸਥਾਪਿਤ ਕਰਨ ਲਈ ੫੨ ਕਿੱਤਿਆਂ ਦੇ ਕਾਰੀਗਰਾਂ ਨੂੰ ਵਸਾਇਆ ਗਿਆ । ਗੁਰੂ ਅਰਜਨ ਸਾਹਿਬ ਜੀ ਨੇ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਦੀ ਉਸਾਰੀ ਕਰਵਾਈ । ਬਾਅਦ ਵਿੱਚ ਸੰਗਤਾਂ ਦੀਆਂ ਰੌਣਕਾਂ ਬਹੁਤ ਵੱਧ ਗਈਆਂ । ਸੰਗਤਾਂ ਅਤੇ ਸ਼ਹਿਰ ਵਾਸੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਚਾਰ ਹੋਰ ਸਰੋਵਰ ਤਿਆਰ ਕਰਵਾਏ ਗਏ ।

ਦਰਬਾਰ ਸਾਹਿਬ ਦੀ ਸੁੰਦਰਤਾ ਸੰਸਾਰ ਭਰ ਵਿਚ ਪ੍ਰਸਿੱਧ ਹੈ । ਇਸ ਉੱਤੇ ਸੋਨੇ ਦਾ ਪੱਤਰਾ ਚੜ੍ਹਿਆ ਹੋਇਆ ਹੈ । ਇਹ ਸੰਸਾਰ ਦਾ ਇੱਕੋ ਇੱਕ ਅਜਿਹਾ ਧਾਰਮਿਕ ਕੇਂਦਰ ਹੈ ਜਿੱਥੇ ਉਚ-ਨੀਚ, ਜ਼ਾਤ-ਪਾਤ ਜਾਂ ਧਾਰਮਿਕ ਵਿਤਕਰੇ ਦਾ ਕੋਈ ਸੁਆਲ ਨਹੀਂ । ਇੱਥੇ ਹੀ ਮਨੁੱਖਤਾ ਦੇ ਸਰਬ ਸਾਂਝੇ ਆਗੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼ ਕੀਤਾ ਗਿਆ । ਹਰ ਸਮੇਂ ਇਲਾਹੀ ਬਾਣੀ ਦਾ ਕੀਰਤਨ ਤੇ ਕਲਾ ਭਰਪੂਰ ਨਜ਼ਾਰਾ ਆਤਮਾ ਨੂੰ ਖੇੜਾ ਦਿੰਦਾ ਹੈ । ਇੱਥੇ ਚਲਦੇ ਸਾਂਝੇ ਲੰਗਰ ਵਿੱਚ ਯਾਤਰੂ ਤੇ ਲੋੜਵੰਦ ਬਿਨਾਂ ਊਚ-ਨੀਚ ਤੇ ਜ਼ਾਤ-ਪਾਤ ਦੇ ਵਿਤਕਰੇ ਤੋਂ ਪ੍ਰਸ਼ਾਦ ਛੱਕਦੇ ਹਨ ।

ਅੰਮ੍ਰਿਤਸਰ ਵਿੱਚ ਹੀ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ ਬਣਾਇਆ, ਜੋ ਕਿ ਸਿੱਖਾਂ ਦੇ ਸਾਰੇ ਮਸਲਿਆਂ ਦੀ ਅਗਵਾਈ ਕਰਦਾ ਹੈ । ਇਸੇ ਅੰਮ੍ਰਿਤਸਰ ਦੇ ਨੇੜੇ ਹੀ ਮੁਗ਼ਲਾਂ ਨਾਲ ਛੇਵੇਂ ਪਾਤਸ਼ਾਹ ਦੀ ਸੱਭ ਤੋਂ ਪਹਿਲੀ ਜੰਗ ਹੋਈ, ਜਿੱਥੇ ਅੱਜ ਕਲ੍ਹ ਖ਼ਾਲਸਾ ਕਾਲਜ ਹੈ । ਸੰਨ ੧੭੬੨ ਈਸਵੀ ਵਿੱਚ ਅਫ਼ਗਾਨਿਸਤਾਨ ਦੇ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਨਾਲ ਵੀ ਇਸੇ ਥਾਂ ਤੇ ਅਜਿਹੀ ਆਖ਼ਰੀ ਜੰਗ ਹੋਈ ਕਿ ਉਹ ਤੌਬਾ-ਤੌਬਾ ਕਰਦਾ ਨਸ ਗਿਆ । ਇਸ ਕੇਂਦਰੀ ਅਸਥਾਨ ਨਾਲ ਸੰਸਾਰ ਭਰ ਦੇ ਸਿੱਖ ਜੁੜੇ ਹੋਏ ਹਨ । ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਤੋਂ ਛੁਟ ਹੋਰ ਵੀ ਕਈ ਇਤਿਹਾਸਿਕ ਗੁਰਦੁਆਰੇ ਹਨ ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ-ਜੋਤਿ ਸਮਾਉਣ ਉਪਰੰਤ ਹਕੂਮਤ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਯਤਨ ਕੀਤੇ । ਇੱਥੋਂ ਤਕ ਕਿ ਅੰਮ੍ਰਿਤਸਰ ਵਿੱਚ ਸਿੱਖਾਂ ਦਾ ਜਾਣਾ ਤੇ ਇਸ਼ਨਾਨ ਕਰਨਾ ਵੀ ਬੰਦ ਕਰਵਾ ਦਿੱਤਾ ਗਿਆ ਸੀ । ਉਸ ਸਮੇਂ ਸਿੱਖਾਂ ਨੇ ਰੋਜ਼ ਅਰਦਾਸ ਵਿੱਚ ਅੰਮ੍ਰਿਤਸਰ ਦੇ ਇਸ਼ਨਾਨ ਮੰਗਣੇ ਆਰੰਭ ਕੀਤੇ । ਅੰਮ੍ਰਿਤਸਰ ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਪ੍ਰਤੱਖ ਸਬੂਤ ਹੈ ।

**********

# ਭਾਈ ਕਲਿਆਣਾ ਜੀ

ਭਾਈ ਕਲਿਆਣਾ ਜੀ ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਦੇ ਸਿੱਖ ਸਨ । ਜਦੋਂ ਗੁਰੂ ਅਰਜਨ ਸਾਹਿਬ ਜੀ ਅੰਮ੍ਰਿਤਸਰ (ਪਹਿਲਾ ਨਾਮ ਚੱਕ ਗੁਰੂ ਰਾਮਦਾਸ) ਦੀ ਉਸਾਰੀ ਕਰਵਾ ਰਹੇ ਸਨ ਤਾਂ ਉਸ ਸੇਵਾ ਵਿੱਚ ਕਈ ਸਿੱਖਾਂ ਨੇ ਯੋਗਦਾਨ ਪਾਇਆ । ਉਹਨਾਂ ਸਿੱਖਾਂ ਵਿੱਚੋਂ ਇੱਕ ਸਿੱਖ ਭਾਈ ਕਲਿਆਣਾ ਜੀ ਵੀ ਸਨ ।

ਇੱਕ ਵਾਰ ਭਾਈ ਕਲਿਆਣਾ ਜੀ ਕੁਝ ਗੁਰਸਿੱਖਾਂ ਨੂੰ ਨਾਲ ਲੈ ਕੇ ਰਿਆਸਤ ਮੰਡੀ (ਹਿਮਾਚਲ ਪ੍ਰਦੇਸ਼) ਵਿੱਚ ਇਮਾਰਤੀ ਲਕੜੀ ਲੈਣ ਲਈ ਗਏ । ਉਸ ਵੇਲੇ ਮੰਡੀ ਦਾ ਰਾਜਾ ਹਰੀ ਸੈਨ ਸੀ, ਜੋ ਪੂਰੀ ਤਰ੍ਹਾਂ ਬ੍ਰਾਹਮਣੀ ਕਰਮ- ਕਾਂਡਾਂ ਵਿੱਚ ਫਸਿਆ ਹੋਇਆ ਸੀ । ਉਹ ਆਪ ਤਾਂ ਵਰਤ ਰਖਦਾ ਹੀ ਸੀ, ਆਪਣੀ ਪ੍ਰਜਾ ਕੋਲੋਂ ਵੀ ਜ਼ਬਰਦਸਤੀ ਵਰਤ ਰਖਵਾਉਂਦਾ ਸੀ । ਭਾਈ ਕਲਿਆਣਾ ਜੀ ਸੇਵਾ ਦੇ ਨਾਲ-ਨਾਲ ਸਿੱਖੀ ਦਾ ਪ੍ਰਚਾਰ ਵੀ ਕਰਦੇ ਸਨ । ਜਦੋਂ ਭਾਈ ਕਲਿਆਣਾ ਜੀ ਉੱਥੇ ਪਹੁੰਚੇ ਤਾਂ ਉਸ ਦਿਨ ਜਨਮ-ਅਸ਼ਟਮੀ ਦਾ ਤਿਉਹਾਰ ਸੀ । ਰਾਜਾ ਹਰੀ ਸੈਨ ਨੇ ਆਪ ਵੀ ਵਰਤ ਰਖਿਆ ਹੋਇਆ ਸੀ ਅਤੇ ਸਰਕਾਰੀ ਹੁਕਮ ਨਾਲ ਆਪਣੀ ਪ੍ਰਜਾ ਕੋਲੋਂ ਵੀ ਵਰਤ ਰਖਵਾਇਆ ਹੋਇਆ ਸੀ ।

ਭਾਈ ਕਲਿਆਣਾ ਜੀ ਨੇ ਗੁਰਸਿੱਖਾਂ ਨਾਲ ਰਲ ਕੇ ਲੰਗਰ ਤਿਆਰ ਕੀਤਾ ਅਤੇ ਸਾਰੇ ਗੁਰਸਿੱਖਾਂ ਨੇ ਰਲ ਕੇ ਲੰਗਰ ਛੱਕਿਆ । ਜਦੋਂ ਰਾਜੇ ਨੂੰ ਇਹ ਗੱਲ ਪਤਾ ਲਗੀ ਤਾਂ ਉਸਨੇ ਭਾਈ ਕਲਿਆਣਾ ਜੀ ਨੂੰ ਬੁਲਾ ਭੇਜਿਆ ਅਤੇ ਉਹਨਾਂ ਕੋਲੋਂ ਵਰਤ ਨਾ ਰੱਖਣ ਦਾ ਕਾਰਣ ਪੁੱਛਿਆ । ਭਾਈ ਕਲਿਆਣਾ ਜੀ ਤਾਂ ਪਹਿਲਾਂ ਹੀ ਇਹ ਮੌਕਾ ਢੂੰਡ ਰਹੇ ਸਨ ਕਿ ਉਹ ਗੁਰੂ ਦੀ ਮੱਤ ਰਾਜੇ ਨੂੰ ਸਮਝਾ ਸੱਕਣ । ਉਹਨਾਂ ਨੇ ਰਾਜੇ ਨੂੰ ਉੱਤਰ ਦਿੱਤਾ ਕਿ ਤੁਸੀਂ ਜਿਸ ਮੂਰਤੀ ਨੂੰ ਠਾਕੁਰ ਮੰਨਦੇ ਹੋ, ਮੈਂ ਉਸਦੀ ਪੂਜਾ ਨਹੀਂ ਕਰਦਾ । ਮੇਰਾ ਠਾਕੁਰ ਅਕਾਲ ਪੁਰਖ ਇਸ ਸਾਰੇ ਸੰਸਾਰ ਦਾ ਰਚਨਹਾਰ ਹੈ, ਉਹ ਜਨਮ-ਮਰਨ ਦੇ ਗੇੜੇ ਵਿੱਚ ਨਹੀਂ ਆਉਂਦਾ । ਤੁਸੀਂ ਪ੍ਰਸ਼ਾਦ ਬਣਾ ਕੇ ਮੂਰਤੀ ਨੂੰ ਖੁਆਉਣ ਦਾ ਢੌਂਗ ਕਰਦੇ ਹੋ, ਜੋ ਬ੍ਰਾਹਮਣਾਂ ਦਾ ਬਣਾਇਆ ਹੋਇਆ ਕਰਮ-ਕਾਂਡ ਹੈ । ਇਹਨਾਂ ਕਰਮ-ਕਾਂਡਾਂ ਵਿੱਚ ਫੱਸ ਕੇ ਤੁਸੀਂ ਪਰਮਾਤਮਾ ਕੋਲੋਂ ਦੂਰ ਹੋ ਰਹੇ ਹੋ ।

ਭਾਈ ਕਲਿਆਣਾ ਜੀ ਦੀਆਂ ਗੱਲਾਂ ਸੁਣ ਕੇ ਰਾਜੇ ਨੇ ਉੱਤਰ ਦਿੱਤਾ "ਗਿਆਨ ਦੇ ਰਾਹ ਤੇ ਤੁਸੀਂ ਸੱਚੇ ਹੋ, ਪਰ ਮੇਰਾ ਹੁਕਮ ਨਾ ਮੰਨ ਕੇ ਤੁਸੀਂ ਗ਼ੁਨਾਹ ਕੀਤਾ ਹੈ, ਤੁਹਾਨੂੰ ਸਜ਼ਾ ਮਿਲੇਗੀ ।" ਅੱਗੋਂ ਭਾਈ ਕਲਿਆਣਾ ਜੀ ਨੇ ਉੱਤਰ ਦਿਤਾ "ਜਿਵੇਂ ਤੁਹਾਡਾ ਹੁਕਮ ਨਾ ਮੰਨਣ ਵਾਲਾ ਗ਼ੁਨਾਹਗਾਰ ਹੈ, ਇਸੇ ਤਰ੍ਹਾਂ ਤੁਸੀਂ ਵੀ ਪ੍ਰਭੂ ਦਾ ਹੁਕਮ ਨਹੀਂ ਮੰਨਿਆ, ਤੁਸੀਂ ਵੱਡੇ ਗ਼ੁਨਾਹਗਾਰ ਹੋ । ਪਰਮਾਤਮਾ ਸਭ ਨੂੰ ਰੋਜ਼ੀ ਦਿੰਦਾ ਹੈ, ਪਰ ਤੁਸੀਂ ਗ਼ਰੀਬਾਂ ਤੋਂ ਵਰਤ ਰਖਵਾ ਕੇ ਉਹਨਾਂ ਨੂੰ ਭੁੱਖਾ ਰਖਦੇ ਹੋ ਅਤੇ ਪਰਮਾਤਮਾ ਦੀ ਹੁਕਮ-ਅਦੂਲੀ ਕਰਦੇ ਹੋ । ਤੁਸੀਂ ਆਪ ਤਾਂ ਦੁੱਧ-ਪੇੜੇ ਛੱਕ ਲੈਂਦੇ ਹੋ, ਪਰ ਗ਼ਰੀਬ ਲੋਕਾਂ ਦਾ ਕੀ ਬਣੇਗਾ ?"

ਰਾਜਾ ਭਾਈ ਸਾਹਿਬ ਜੀ ਦੇ ਵੀਚਾਰਾਂ ਤੋਂ ਬਹੁੱਤ ਪ੍ਰਭਾਵਿਤ ਹੋਇਆ ਅਤੇ ਉਸ ਨੂੰ ਬ੍ਰਾਹਮਣ ਮੱਤ ਦੇ ਸਾਰੇ ਕਰਮ-ਕਾਂਡ ਫੋਕਟ ਲੱਗਣ ਲੱਗੇ, ਉਸ ਦੇ ਮਨ ਵਿੱਚ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਦੀ ਤਾਂਘ ਜਾਗੀ । ਭਾਈ ਕਲਿਆਣਾ ਜੀ ਰਾਜੇ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਤੇ ਰਾਜੇ ਨੇ ਆਪਣੇ ਸਾਥੀਆਂ ਸਮੇਤ ਗੁਰੂ ਅਰਜਨ ਸਾਹਿਬ ਜੀ ਪਾਸੋਂ ਸਿੱਖੀ ਦੀ ਦਾਤ ਪ੍ਰਾਪਤ ਕੀਤੀ ।

ਸਿੱਖਿਆ : ਇਸ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਗੁਰੂ ਦਾ ਸਿੱਖ ਬ੍ਰਾਹਮਣੀ ਕਰਮ-ਕਾਂਡਾਂ ਵਿੱਚ ਨਹੀਂ ਪੈਂਦਾ,

ਉਹ ਗੁਰੂ ਸਾਹਿਬ ਜੀ ਦੇ ਦੱਸੇ ਹੋਏ ਮਾਰਗ ਉੱਤੇ ਆਪ ਵੀ ਚਲਦਾ ਹੈ ਤੇ ਹੋਰਨਾਂ ਨੂੰ ਵੀ ਚੱਲਣ ਦਾ ਉਪਦੇਸ਼ ਦਿੰਦਾ ਹੈ ।

**********

# ਭਾਈ ਮਾਹਣਾ ਜੀ

ਗੁਰੂ ਅੰਗਦ ਸਾਹਿਬ ਜੀ ਦਾ ਇੱਕ ਸਿੱਖ ਸੀ ਭਾਈ ਮਾਹਣਾ । ਭਾਈ ਮਾਹਣਾ ਜੀ ਗੁਰੂ ਕੇ ਲੰਗਰ ਦੀ ਬਹੁਤ ਸੇਵਾ ਕਰਦੇ ਸਨ । ਆਪ ਲੰਗਰ ਤਿਆਰ ਕਰਨਾ ਤੇ ਫਿਰ ਵਰਤਾਉਣਾ । ਲੰਗਰ ਦੀ ਸੇਵਾ ਕਰਦਿਆਂ ਕਾਫ਼ੀ ਸਮਾਂ ਹੋ ਚੁੱਕਾ ਸੀ । ਉਸ ਨੂੰ ਗੁਰੂ ਘਰੋਂ ਵਡਿਆਈ ਵੀ ਮਿੱਲਣ ਲੱਗੀ । ਕੁਝ ਸਮੇਂ ਬਾਅਦ ਉਸ ਨੂੰ ਸੇਵਾ ਦਾ ਹੀ ਹੰਕਾਰ ਹੋ ਗਿਆ । ਹਮੇਸ਼ਾਂ ਇਹੀ ਸੋਚਣ ਲੱਗਾ ਕਿ ਮੈਂ ਸੱਭ ਤੋਂ ਜ਼ਿਆਦਾ ਸੇਵਾ ਕਰਦਾ ਹਾਂ, ਮੇਰੇ ਜਿੰਨੀ ਸੇਵਾ ਹੋਰ ਕੋਈ ਨਹੀਂ ਕਰਦਾ । ਹੁਣ ਤਾਂ ਮੈਨੂੰ ਸਾਰੇ ਹੀ ਚੰਗਾ ਸਮਝਦੇ ਹਨ । ਬਸ ਇਸੇ ਹੰਕਾਰ ਦੀ ਅੱਗ ਵਿੱਚ ਸੜਨ ਲਗਾ । ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਹ ਸੰਗਤਾਂ ਨਾਲ ਮਾੜਾ ਤੇ ਉੱਚਾ-ਨੀਵਾਂ ਬੋਲਣ ਲਗ ਪਿਆ । ਇਸ ਗੱਲ ਦਾ ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਸਤਿਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾਇਆ ।

ਗੁਰੂ ਅੰਗਦ ਸਾਹਿਬ ਜੀ :ਸਾਨੂੰ ਪਤਾ ਲੱਗਾ ਹੈ ਕਿ ਤੂੰ ਸੇਵਾ ਕਰਦਿਆਂ ਸੰਗਤਾਂ ਨਾਲ ਮਾੜਾ ਬੋਲਦਾ ਹੈਂ ।

ਭਾਈ ਮਾਹਣਾ :ਨਹੀਂ ਸਤਿਗੁਰੂ ਜੀ ! ਆਪ ਜੀ ਨੂੰ ਕਿਸੇ ਨੇ ਗ਼ਲਤ ਖ਼ਬਰ ਕੀਤੀ ਹੈ । ਮੈਂ ਤਾਂ ਹਮੇਸ਼ਾਂ ਆਪ ਜੀ ਦੀ ਸੇਵਾ ਵਿੱਚ ਰਹਿੰਦਾ ਹਾਂ । ਲੋਕੀਂ ਐਵੇਂ ਹੀ ਰੌਲਾ ਪਾਈ ਜਾਂਦੇ ਨੇ ।

ਗੁਰੂ ਅੰਗਦ ਸਾਹਿਬ ਜੀ :ਮੇਰੇ ਸਾਹਮਣੇ ਹੀ ਤੂੰ ਗ਼ਲਤ ਬੋਲ ਰਿਹਾ ਹੈ ਤਾਂ ਤੇਰੀ ਪਿੱਛੋਂ ਕੀ ਹਾਲਤ ਹੋਵੇਗੀ ?

ਗੁਰੂ ਅੰਗਦ ਸਾਹਿਬ ਜੀ : ਭਾਈ ਮਾਹਣਿਆ ! ਸੇਵਾ ਕਰਦਿਆਂ ਮਨ ਵਿੱਚ ਹੰਕਾਰ ਨਹੀਂ ਲਿਆਈਦਾ । ਸੇਵਾ, ਨਿਮਰਤਾ ਅਤੇ ਪਿਆਰ ਨਾਲ ਕੀਤੀ ਜਾਂਦੀ ਹੈ, ਤਾਂ ਗੁਰੂ ਘਰੋਂ ਖੁਸ਼ੀਆਂ ਤੇ ਪ੍ਰਸੰਨਤਾ ਪ੍ਰਾਪਤ ਹੁੰਦੀਆਂ ਹਨ ।

ਗੁਰੂ ਸਾਹਿਬ ਜੀ ਨੇ ਭਾਈ ਮਾਹਣੇ ਨੂੰ ਕਈ ਵਾਰ ਸਮਝਾਇਆ ਕਿ ਸੇਵਾ ਤੇ ਹੰਕਾਰ ਦੋਵੇਂ ਇਕੱਠੇ ਨਹੀਂ ਰਹਿ ਸਕਦੇ । ਸੇਵਾ ਕਰਦਿਆਂ ਮਨ ਵਿੱਚ ਸ਼ਾਂਤੀ ਤੇ ਨਿਮਰਤਾ ਹੋਣੀ ਚਾਹੀਦੀ ਹੈ । ਸੱਭ ਨਾਲ ਮਿੱਠਾ ਬੋਲਣਾ ਚਾਹੀਦਾ ਹੈ । ਸੇਵਾ ਉਹੋ ਕਰ ਸਕਦਾ ਹੈ ਜਿਹੜਾ ਹੰਕਾਰ ਵਿੱਚ ਨਾ ਸੜੇ ।

ਬਹੁਤ ਵਾਰ ਸਮਝਾਉਣ ਤੇ ਵੀ ਭਾਈ ਮਾਹਣਾ ਮਾੜਾ ਬੋਲਣੋ ਨਾ ਹਟਿਆ । ਅਖ਼ੀਰ ਗੁਰੂ ਸਾਹਿਬ ਜੀ ਨੇ ਉਸ ਨੂੰ ਸੇਵਾ ਤੋਂ ਹਟਾ ਦਿੱਤਾ । ਇਸ ਘਟਨਾ ਤੋਂ ਸਾਰੇ ਸੇਵਾਦਾਰ ਸਿੱਖ ਸੁਚੇਤ ਹੋ ਗਏ । ਸੱਭ ਨੂੰ ਇਹ ਸਮਝ ਆ ਗਈ ਕਿ ਜੋ ਸੇਵਾ ਕਰਦੇ ਹੋਏ ਮਨ ਵਿੱਚ ਹੰਕਾਰੀ ਹੁੰਦੇ ਹਨ, ਉਹ ਸੇਵਾ ਦੇ ਯੋਗ ਨਹੀਂ ਰਹਿੰਦੇ ।

**ਸਿੱਖਿਆ :** ਹਮੇਸ਼ਾਂ ਸਾਰਿਆਂ ਨਾਲ ਮਿੱਠਾ ਬੋਲਣਾ ਚਾਹੀਦਾ ਹੈ । ਸੇਵਾ ਕਰਦੇ ਸਮੇਂ ਮਨ ਵਿੱਚ ਨਿਮਰਤਾ ਹੋਣੀ ਚਾਹੀਦੀ ਹੈ । ਮਨ ਵਿੱਚ ਸ਼ਾਂਤੀ ਹੋਣੀ ਚਾਹੀਦੀ ਹੈ । ਕਦੇ ਵੀ ਸੇਵਾ ਦਾ ਹੰਕਾਰ ਨਹੀਂ ਕਰਨਾ ਚਾਹੀਦਾ ।

**********

# ਹੱਕ ਦੀ ਕਮਾਈ

ਗੁਰੂ ਦਾ ਸਿੱਖ ਮਿਹਨਤ ਕਰਕੇ ਰੋਟੀ ਕਮਾਉਂਦਾ ਹੈ । ਉਹ ਕਿਸੇ ਤੇ ਜ਼ੁਲਮ ਨਹੀਂ ਕਰਦਾ । ਕਿਸੇ ਦਾ ਹੱਕ ਨਹੀਂ ਮਾਰਦਾ । ਸਿੱਖ, ਧਰਮ ਦੀ ਕਿਰਤ ਕਰਦਾ ਹੈ । ਆਪਣੀ ਹੱਕ ਦੀ ਕਮਾਈ ਵਿੱਚੋਂ ਦੂਜਿਆਂ ਦੀ ਮਦਦ ਵੀ ਕਰਦਾ ਹੈ । ਸਿੱਖ ਆਪਣੀ ਕਮਾਈ ਦਾ ਦਸਵਾਂ ਹਿੱਸਾ ਧਰਮ ਹਿੱਤ ਦਿੰਦਾ ਹੈ । ਇਸ ਦਸਵੇਂ ਹਿੱਸੇ ਨੂੰ ਦਸਵੰਧ ਕਹਿੰਦੇ ਹਨ । ਮਿਹਨਤ ਕਰਕੇ ਕਮਾਈ ਕਰਨ ਵਾਲੇ ਨੂੰ ਗੁਰੂ ਜੀ ਪਿਆਰ ਕਰਦੇ ਹਨ ।

ਐਮਨਾਬਾਦ ਵਿਖੇ ਐਸਾ ਹੀ ਇੱਕ ਸਿੱਖ ਭਾਈ ਲਾਲੋ ਸੀ, ਜੋ ਮਿਹਨਤ ਕਰਕੇ ਆਪਣੀ ਰੋਟੀ ਕਮਾਉਂਦਾ ਸੀ । ਭਾਵੇਂ ਆਪ ਤਾਂ ਉਹ ਬਹੁਤ ਗ਼ਰੀਬ ਸੀ, ਪਰ ਫਿਰ ਵੀ ਆਪਣੇ ਕੋਲੋਂ ਲੋੜਵੰਦਾਂ ਨੂੰ ਰੋਟੀ ਖੁਆਉਂਦਾ ਸੀ । ਲੋਕ ਉਸ ਨੂੰ ਨੀਵੀਂ ਜ਼ਾਤ ਵਾਲਾ ਆਖਦੇ ਸਨ, ਪਰ ਗੁਰੂ ਨਾਨਕ ਪਾਤਸ਼ਾਹ ਜੀ ਉਸ ਨਾਲ ਪਿਆਰ ਕਰਦੇ ਸਨ । ਆਪ ਜੀ ਭਾਈ ਲਾਲੋ ਦੇ ਘਰ ਜਾ ਕੇ ਰਹਿੰਦੇ ਸਨ । ਕੁਝ ਹੰਕਾਰੀ ਬ੍ਰਾਹਮਣ, ਖੱਤਰੀ ਅਤੇ ਆਪਣੇ ਆਪ ਨੂੰ ਉੱਚ ਜ਼ਾਤੀਏ ਅਖਵਾਉਣ ਵਾਲੇ ਇਸ ਗੱਲ ਤੋਂ ਸੜਦੇ ਸਨ । ਉਹ ਗੁਰੂ ਸਾਹਿਬ ਜੀ ਵਿਰੁੱਧ ਪ੍ਰਚਾਰ ਕਰਦੇ ਰਹਿੰਦੇ ਸਨ । ਐਮਨਾਬਾਦ ਦੇ ਹਾਕਮ ਦਾ ਇੱਕ ਅਹਿਲਕਾਰ (ਕਰਮਚਾਰੀ) ਮਲਕ ਭਾਗੋ ਸੀ । ਮਲਕ ਭਾਗੋ ਬੜਾ ਰਿਸ਼ਵਤ ਖੋਰ ਅਤੇ ਘਮੰਡੀ ਸੀ । ਉਹ ਆਪਣੇ ਆਪ ਨੂੰ ਉੱਚੀ ਕੁਲ ਦਾ ਸਮਝਦਾ ਸੀ । ਗ਼ਰੀਬ ਲੋਕ ਮਲਕ ਭਾਗੋ ਕੋਲੋਂ ਬਹੁਤ ਦੁਖੀ ਸਨ ।

ਉਹ ਹਰ ਸਾਲ ਬ੍ਰਾਹਮਣਾਂ, ਸਾਧੂਆਂ ਅਤੇ ਗ਼ਰੀਬਾਂ ਆਦਿ ਨੂੰ ਭੋਜਨ ਕਰਵਾ ਕੇ ਧਰਮੀ ਅਖਵਾਉਂਦਾ ਸੀ । ਇਸ ਸਾਲ ਵੀ ਉਸ ਨੇ ਬੜੇ ਸੋਹਣੇ-ਸੋਹਣੇ ਖਾਣੇ ਤਿਆਰ ਕਰਵਾਏ ਸਨ । ਸੰਤਾਂ-ਸਾਧਾਂ ਆਦਿ ਨੂੰ ਵੀ ਉਸਨੇ ਬੁਲਾਇਆ ਅਤੇ ਉਹਨਾਂ ਨੇ ਵੀ ਭੋਜਨ ਖਾ ਕੇ ਉਸ ਨੂੰ ਧਰਮੀ ਅਤੇ ਨੇਕ ਮਨੁੱਖ ਕਿਹਾ । ਗੁਰੂ ਨਾਨਕ ਸਾਹਿਬ ਜੀ ਉਸ ਸਮੇਂ ਭਾਈ ਲਾਲੋ ਦੇ ਘਰ ਠਹਿਰੇ ਹੋਏ ਸਨ । ਮਲਕ ਭਾਗੋ ਨੇ ਗੁਰੂ ਸਾਹਿਬ ਜੀ ਨੂੰ ਵੀ ਸੱਦਾ ਭੇਜਿਆ, ਪਰ ਗੁਰੂ ਜੀ ਨਾ ਆਏ । ਮਲਕ ਭਾਗੋ ਨੇ ਇਸ ਨੂੰ ਆਪਣੀ ਹੇਠੀ (ਬੇਇੱਜ਼ਤੀ) ਸਮਝਿਆ, ਘਮੰਡੀ ਬ੍ਰਾਹਮਣਾਂ ਤੇ ਖੱਤਰੀਆਂ ਨੇ ਉਸ ਨੂੰ ਹੋਰ ਭੜਕਾਇਆ । ਗੁੱਸੇ ਵਿੱਚ ਮਲਕ ਭਾਗੋ ਨੇ ਆਪਣਾ ਆਦਮੀ ਦੁਬਾਰਾ ਫਿਰ ਗੁਰੂ ਜੀ ਵੱਲ ਭੇਜਿਆ । ਇਸ ਵਾਰ ਗੁਰੂ ਜੀ ਆ ਗਏ, ਪਰ ਆਪ ਜੀ ਨੇ ਭੋਜਨ ਖਾਣ ਤੋਂ ਇਨਕਾਰ ਕਰ ਦਿੱਤਾ । ਇਸ ਤੇ ਮਲਕ ਭਾਗੋ ਪੁੱਛਣ ਲੱਗਾ:

"ਤੁਸੀਂ ਖੱਤਰੀ ਹੋ ਕੇ ਨੀਵੀਂ ਜ਼ਾਤ ਵਾਲੇ ਦੇ ਘਰੋਂ ਕਿਉਂ ਖਾਣਾ ਖਾਂਦੇ ਹੋ ? ਸ਼ੂਦਰਾਂ ਕੋਲ ਜਾਣ ਨਾਲ ਤਾਂ ਸਾਡਾ ਧਰਮ ਭ੍ਰਿਸ਼ਟ ਹੋ ਜਾਂਦਾ ਹੈ ।"

ਗੁਰੂ ਨਾਨਕ ਸਾਹਿਬ ਜੀ : ਭਾਈ ਲਾਲੋ ਤਾਂ ਮੇਰਾ ਪਿਆਰਾ ਸਿੱਖ ਹੈ । ਅਸੀਂ ਜ਼ਾਤ-ਪਾਤ ਅਤੇ ਊਚ-ਨੀਚ ਨੂੰ ਨਹੀਂ ਮੰਨਦੇ । ਮੈਨੂੰ ਸਭ ਵਿੱਚ ਪਰਮਾਤਮਾ ਹੀ ਨਜ਼ਰ ਆਉਂਦਾ ਹੈ । ਸਭ ਮਨੁੱਖ ਬਰਾਬਰ ਹਨ, ਕੋਈ ਆਦਮੀ ਜਨਮ ਕਰਕੇ ਨੀਚ ਨਹੀਂ ਹੁੰਦਾ । ਨੀਚ ਤਾਂ ਉਹ ਹੈ, ਜੋ ਨੀਚ ਕੰਮ ਕਰੇ । ਇਸ ਲਈ ਭਾਈ ਲਾਲੋ ਨੀਚ ਨਹੀਂ ਹੈ । ਉਹ ਮਿਹਨਤ ਕਰਕੇ ਰੋਟੀ ਕਮਾਉਂਦਾ ਹੈ, ਧਰਮ ਦੀ ਕਿਰਤ ਕਰਦਾ ਹੈ, ਵੰਡ ਕੇ ਛਕਦਾ ਹੈ । ਇਸੇ ਕਰਕੇ ਹੀ ਮੈਂ ਭਾਈ ਲਾਲੋ ਦੇ ਘਰੋਂ ਰੋਟੀ ਖਾਂਦਾ ਹਾਂ ।

ਮਲਕ ਭਾਗੋ : "ਤੁਸੀਂ ਮੇਰੇ ਬ੍ਰਹਮ-ਭੋਜ ਵਿੱਚ ਸ਼ਾਮਿਲ ਕਿਉਂ ਨਹੀਂ ਹੋਏ ?"

ਗੁਰੂ ਨਾਨਕ ਸਾਹਿਬ ਜੀ : ਭਾਈ ਲਾਲੋ ਦੀ ਆਪਣੀ ਮਿਹਨਤ ਦੀ ਕਮਾਈ ਹੈ । ਗ਼ਰੀਬ ਦੀ ਰੋਟੀ ਭਾਵੇਂ ਸੁੱਕੀ ਵੀ ਹੋਵੇ, ਉਹ ਦੁੱਧ ਵਾਂਗ ਮਿੱਠੀ ਹੁੰਦੀ ਹੈ ।" ਭਾਗੋ ! ਤੇਰੀ ਕਮਾਈ ਮਿਹਨਤ ਦੀ ਨਹੀਂ ਹੈ । ਤੂੰ ਲੋਕਾਂ ਉੱਤੇ ਜ਼ੁਲਮ ਕਰਦਾ ਹੈਂ, ਰਿਸ਼ਵਤ ਲੈ ਕੇ ਗ਼ਰੀਬਾਂ ਦਾ ਖ਼ੂਨ ਚੂਸਦਾ ਹੈਂ, ਤੇਰੀਆਂ ਪੂੜੀਆਂ ਗ਼ਰੀਬਾਂ ਦੇ ਖ਼ੂਨ-ਪਸੀਨੇ ਦੀ ਕਮਾਈ ਨਾਲ ਬਣੀਆਂ ਹੋਈਆਂ ਹਨ, ਮੈਂ ਤੇਰੀਆਂ ਇਹ ਪੂੜੀਆਂ ਨਹੀਂ ਖਾ ਸਕਦਾ।

ਭਰੀ ਸਭਾ ਵਿੱਚ ਗੁਰੂ ਜੀ ਨੇ ਇਹ ਗੱਲਾਂ ਬੜੀ ਦਲੇਰੀ ਨਾਲ ਕਹੀਆਂ । ਜਿਸ ਨੂੰ ਸੁਣ ਕੇ ਮਲਕ ਭਾਗੋ ਤੇ ਹੋਰ ਲੋਕ ਬਹੁਤ ਸ਼ਰਮਿੰਦੇ ਹੋਏ । ਭਾਗੋ ਦੇ ਕੀਤੇ ਪਾਪ ਉਸ ਦੀਆਂ ਅੱਖਾਂ ਸਾਹਮਣੇ ਆ ਗਏ ।

ਮਲਕ ਭਾਗੋ : ਤਾਂ ਕੀ ਮੇਰਾ ਕਰਵਾਇਆ ਇਹ ਬ੍ਰਹਮ-ਭੋਜ ਐਵੇਂ ਹੀ ਹੈ ? ਕੀ ਇਸ ਨਾਲ ਮੈਂ ਧਰਮੀ ਨਹੀਂ ਹੋ ਸਕਦਾ, ਕੀ ਇਸ ਨਾਲ ਪਰਮਾਤਮਾ ਖੁਸ਼ ਨਹੀਂ ਹੋਵੇਗਾ ?

ਗੁਰੂ ਨਾਨਕ ਸਾਹਿਬ ਜੀ : ਗ਼ਰੀਬ ਲੋਕਾਂ ਦਾ ਖ਼ੂਨ ਚੂਸ ਕੇ ਕੀਤੀ ਕਮਾਈ ਨਾਲ ਕੀਤੇ ਲੰਗਰ ਕਰਨ ਨਾਲ ਪਰਮਾਤਮਾ ਖੁਸ਼ ਨਹੀਂ ਹੁੰਦਾ । ਰਿਸ਼ਵਤ ਵਾਲੀ ਕਮਾਈ, ਦਾਨ ਕਰਨ ਨਾਲ, ਹੱਕ ਦੀ ਕਮਾਈ ਨਹੀਂ ਬਣ ਜਾਂਦੀ । ਸੱਚੀ ਕਮਾਈ ਉਹੀ ਹੈ ਜੋ ਆਪ ਮਿਹਨਤ ਕਰਕੇ ਕਮਾਈ ਜਾਵੇ, ਕਿਸੇ ਦਾ ਹੱਕ ਨਾ ਮਾਰਿਆ ਜਾਵੇ । ਸੱਚਾ ਧਰਮੀ ਬਣਨ ਅਤੇ ਪਰਮਾਤਮਾ ਦੀ ਖੁਸ਼ੀ ਹਾਸਿਲ ਕਰਨ ਲਈ ਇਹ ਕਰਨਾ ਚਾਹੀਦਾ ਹੈ :

**"ਧਰਮ ਦੀ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਕੇ ਛਕਣਾ ।"**

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੀਆਂ ਸੱਚੀਆਂ ਗੱਲਾਂ ਸੁਣ ਕੇ ਮਲਕ ਭਾਗੋ ਦਾ ਹੰਕਾਰ ਟੁੱਟ ਗਿਆ

ਅਤੇ ਉਹ ਗੁਰੂ ਜੀ ਦਾ ਸਿੱਖ ਬਣ ਗਿਆ ।

**ਸਿੱਖਿਆ :** ਅਸੀਂ ਵੀ ਭਾਈ ਲਾਲੋ ਵਾਂਗ ਸੱਚੇ ਧਰਮੀ ਸਿੱਖ ਬਣਨਾ ਹੈ । ਧਰਮ ਦੀ ਸੱਚੀ-ਸੁੱਚੀ ਕਿਰਤ ਕਰਨੀ ਹੈ । ਮਿਹਨਤ ਕਰਕੇ ਹੱਕ ਦੀ ਕਮਾਈ ਕਰਨੀ ਹੈ । ਦੂਜਿਆਂ ਦਾ ਹੱਕ ਮਾਰ ਕੇ ਰਿਸ਼ਵਤ ਦੀ ਕਮਾਈ ਨਾਲ ਪੈਸਾ ਇਕੱਠਾ ਨਹੀਂ ਕਰਨਾ । ਜ਼ਾਤ-ਪਾਤ ਦੇ ਭੇਦ-ਭਾਵ ਨੂੰ ਨਹੀਂ ਮੰਨਣਾ । ਸਭ ਆਪਸ ਵਿੱਚ ਬਰਾਬਰ ਹਨ, ਮਨੁੱਖਤਾ ਹੀ ਸਾਰਿਆਂ ਦੀ ਇੱਕੋ ਜ਼ਾਤ ਹੈ । ਸਾਰਿਆਂ ਨਾਲ ਪਿਆਰ ਕਰਨਾ ਚਾਹੀਦਾ ਹੈ ।

**********

# ਵੈਸ਼ਨੋ ਸਾਧ ਨੂੰ ਉਪਦੇਸ਼

ਗੁਰੂ ਨਾਨਕ ਸਾਹਿਬ ਜੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਹਰਦੁਆਰ ਪੁੱਜੇ । ਆਪ ਜੀ ਨੇ ਗੰਗਾ ਦੇ ਕੰਢੇ ਜਾ ਡੇਰਾ ਲਾਇਆ । ਗੁਰੂ ਸਾਹਿਬ ਜੀ ਤੋਂ ਥੋੜੀ ਹੀ ਦੂਰ ਇੱਕ ਵੈਸ਼ਨੋ ਸਾਧ ਦਾ ਡੇਰਾ ਸੀ । ਇਹ ਸਾਧ ਬਹੁਤ ਪਖੰਡ ਕਰਦਾ ਸੀ । ਲੋਕਾਂ ਉੱਤੇ ਆਪਣੇ ਧਰਮੀ ਹੋਣ ਦਾ ਭੁਲੇਖਾ ਪਾ ਰਿਹਾ ਸੀ, ਗੁਰੂ ਸਾਹਿਬ ਨੇ ਇਸ ਪਖੰਡੀ ਦਾ ਪਾਜ ਉਘੇੜਨਾ ਸੀ, ਇਸੇ ਲਈ ਗੁਰੂ ਸਾਹਿਬ ਜੀ ਨੇ ਇਸ ਦੇ ਨੇੜੇ ਡੇਰਾ ਲਾਇਆ ਸੀ ।

ਦੂਜੇ ਦਿਨ ਸਵੇਰੇ ਸਾਧ ਨੇ ਇਸ਼ਨਾਨ ਕੀਤਾ, ਭੋਜਨ ਪਕਾਉਣ ਦੀ ਤਿਆਰੀ ਕਰਨ ਲੱਗਾ । ਚੌਂਕਾ ਤਿਆਰ ਕਰਨ ਲਈ ਗਾਂ ਦੇ ਗੋਹੇ ਦਾ ਪੋਚਾ ਫੇਰਿਆ, ਲਕੜੀਆਂ ਨੂੰ ਸੁੱਚੀਆਂ ਕਰਨ ਲਈ ਪਾਣੀ ਨਾਲ ਧੋਤਾ । ਚੌਂਕੇ ਦੇ ਆਲੇ-ਦੁਆਲੇ ਲਕੀਰ ਖਿੱਚ ਦਿੱਤੀ । ਲੱਕੜਾਂ ਬਾਲ ਕੇ ਭੋਜਨ ਤਿਆਰ ਕਰਨ ਲੱਗਾ । ਉਹ ਚੌਂਕੇ ਦੀ ਪਵਿੱਤਰਤਾ ਨੂੰ ਹੀ ਧਰਮ ਸਮਝਦਾ ਸੀ ਅਤੇ ਆਪਣੇ ਆਪ ਨੂੰ ਬਹੁਤ ਵੱਡਾ ਧਰਮੀ ।

ਗੁਰੂ ਸਾਹਿਬ ਜੀ ਨੇ ਸਾਧ ਦਾ ਭੁਲੇਖਾ ਦੂਰ ਕਰਨਾ ਸੀ ਅਤੇ ਲੋਕਾਂ ਨੂੰ ਸਮਝਾਉਣਾ ਸੀ ਕਿ ਇਹ ਧਰਮ ਨਹੀਂ ਹੈ, ਇਹ ਪਖੰਡ ਹੈ । ਇਸ ਲਈ ਭਾਈ ਮਰਦਾਨਾ ਜੀ ਨੂੰ, ਜੋ ਗੁਰੂ ਸਾਹਿਬ ਜੀ ਦੇ ਨਾਲ ਸਨ, ਸਾਧ ਕੋਲੋਂ ਅੱਗ ਲੈਣ ਲਈ ਭੇਜਿਆ । ਭਾਈ ਮਰਦਾਨਾ ਜੀ ਨੇ ਸਾਧ ਕੋਲੋਂ ਅੱਗ ਮੰਗੀ । ਸਾਧ ਨੇ ਪੁੱਛਿਆ "ਤੇਰੀ ਜ਼ਾਤ ਕੀ ਹੈ ?" ਮਰਦਾਨਾ ਜੀ ਨੇ ਉੱਤਰ ਦਿੱਤਾ "ਮੈਂ ਮਰਾਸੀ ਹਾਂ ।" ਬੱਸ ਸਾਧ ਲੋਹਾ-ਲਾਖ਼ਾ ਹੋ ਕੇ ਗਾਲ੍ਹਾਂ ਕੱਢਣ ਲੱਗ ਪਿਆ । ਸਾਧ ਭਾਈ ਮਰਦਾਨੇ ਨੂੰ ਕਹਿਣ ਲੱਗਾ "ਤੂੰ ਮੇਰਾ ਚੌਂਕਾ ਭਿੱਟ ਦਿੱਤਾ ਹੈ । ਸਾਧ ਗੁੱਸੇ ਵਿੱਚ ਭਖਿਆ ਪਿਆ ਸੀ, ਉਹ ਅੱਗ ਦੀ ਬਲਦੀ ਲੱਕੜ ਲੈ ਕੇ ਭਾਈ ਮਰਦਾਨਾ ਜੀ ਦੇ ਪਿੱਛੇ ਦੌੜਿਆ । ਭਾਈ ਮਰਦਾਨਾ ਸਤਿਗੁਰੂ ਜੀ ਪਾਸ ਆ ਪੁੱਜੇ । ਮਗਰ-ਮਗਰ ਸਾਧ ਵੀ ਪਹੁੰਚ ਗਿਆ ।

ਗੁਰੂ ਨਾਨਕ ਸਾਹਿਬ ਜੀ ਨੇ ਪੁੱਛਿਆ, "ਸਾਧੂ ਜੀ ! ਆਪ ਇਤਨੇ ਗੁੱਸੇ ਵਿੱਚ ਕਿਉਂ ਹੋ ?" ਸਾਧ ਨੇ ਗੁੱਸੇ ਵਿੱਚ ਜੁਆਬ ਦਿੱਤਾ "ਇਸ ਮਰਾਸੀ ਨੇ ਮੇਰਾ ਚੌਂਕਾ ਭਿੱਟ ਦਿੱਤਾ ਹੈ, ਇਸ ਦਾ ਪਰਛਾਵਾਂ ਮੇਰੇ ਚੌਂਕੇ ਉੱਤੇ ਪਿਆ ਹੈ, ਜਿਸ ਨਾਲ ਮੇਰਾ ਚੌਂਕਾ ਅਪਵਿੱਤਰ ਹੋ ਗਿਆ ਹੈ । ਇਹ ਨੀਚ ਮਰਾਸੀ ਮੁਸਲਮਾਨ ਹੈ, ਇਸ ਲਈ ਮੇਰਾ ਜਨਮ ਭ੍ਰਿਸ਼ਟ ਹੋ ਗਿਆ ਹੈ ।"

ਗੁਰੂ ਨਾਨਕ ਸਾਹਿਬ ਜੀ ਨੇ ਉੱਤਰ ਦਿੱਤਾ, "ਇਹ ਕਿਵੇਂ ਹੋ ਸਕਦਾ ਹੈ ? ਮਰਦਾਨਾ ਵੀ ਤਾਂ ਤੇਰੇ ਵਰਗਾ ਹੀ ਮਨੁੱਖ ਹੈ । ਨੀਵਾਂ ਉਹ ਹੈ ਜੋ ਨੀਵੇਂ ਕੰਮ ਕਰੇ ।" ਗੁਰੂ ਸਾਹਿਬ ਜੀ ਨੇ ਸਾਧੂ ਨੂੰ ਕਿਹਾ, "ਤੂੰ ਆਪਣੇ ਅੰਦਰ ਝਾਤੀ ਮਾਰ ਕੇ ਵੇਖ, ਤੇਰੇ ਅੰਦਰ ਕਿਤਨੇ ਔਗੁਣ ਭਰੇ ਪਏ ਹਨ । ਤੇਰੇ ਹਿਰਦੇ ਵਿੱਚ ਦਇਆ ਨਹੀਂ ਹੈ, ਕ੍ਰੋਧ ਹੈ । ਤੇਰੇ ਅੰਦਰ ਪਿਆਰ ਨਹੀਂ, ਨਫ਼ਰਤ ਹੈ । ਤੇਰੇ ਅੰਦਰ ਸਰਬੱਤ ਦਾ ਭਲਾ ਨਹੀਂ, ਪਰਾਈ ਨਿੰਦਾ ਹੈ; ਉੱਚੀ ਮੱਤ ਨਹੀਂ, ਨੀਚ ਵਿਚਾਰ ਹਨ । ਜਦੋਂ ਤੇਰਾ ਹਿਰਦਾ ਇਤਨਾ ਮੈਲਾ ਹੈ ਤਾਂ ਪਰਮਾਤਮਾ ਨਾਲ ਪਿਆਰ ਕਿਵੇਂ ਹੋ ਸਕਦਾ ਹੈ ? ਕਿਸੇ ਨੂੰ ਮਾੜਾ ਨਾ ਸਮਝੋ, ਸਭ ਅੰਦਰ ਪਰਮਾਤਮਾ ਦੀ ਜੋਤ ਵੇਖਣ ਦੀ ਕੋਸ਼ਿਸ਼ ਕਰੋ । ਜੇ ਨਫ਼ਰਤ ਕਰਨੀ ਹੈ ਤਾਂ ਭੈੜੇ ਕੰਮਾਂ ਤੋਂ ਨਫ਼ਰਤ ਕਰੋ, ਕਿਸੇ ਬੰਦੇ ਤੋਂ ਨਹੀਂ ।

ਗੁਰੂ ਨਾਨਕ ਸਾਹਿਬ ਜੀ ਨੇ ਕਿਹਾ, "ਇਹ ਠੀਕ ਹੈ ਤੂੰ ਚੌਂਕਾ ਸੁੱਚਾ ਕਰ ਲਿਆ ਹੈ, ਲਕੜੀਆਂ ਧੋ ਲਈਆਂ ਹਨ, ਲਕੀਰ ਕੱਢ ਲਈ ਹੈ, ਪਰ ਇਸਦਾ ਕੀ ਫਾਇਦਾ, ਜੇਕਰ ਮਨ ਪਵਿੱਤਰ ਨਹੀਂ ਕੀਤਾ । ਮਨ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਸੁੱਚਾ ਨਹੀਂ ਹੁੰਦਾ, ਪਰਮਾਤਮਾ ਦੀ ਸਿਫ਼ਤ-ਸਾਲਾਹਿ ਕਰਨ ਨਾਲ ਪਵਿੱਤਰ ਹੁੰਦਾ ਹੈ । ਸੁੱਚਾ ਆਚਰਣ ਬਣਾਉਣਾ ਹੀ ਚੌਂਕੇ ਦੁਆਲੇ ਲਕੀਰ ਕੱਢਣਾ ਹੈ ।"

ਜਦੋਂ ਸਾਧੂ ਨੇ ਗੁਰੂ ਸਾਹਿਬ ਜੀ ਦੇ ਉੱਤਮ ਬਚਨ ਸੁਣੇ ਤਾਂ ਮਨ ਜਾਗ ਪਿਆ । ਸਮਝ ਆ ਗਈ ਕਿ ਸਾਰੇ ਔਗੁਣ ਮੇਰੇ ਅੰਦਰ ਹਨ । ਗੁਰੂ ਪਾਤਸ਼ਾਹ ਦੇ ਚਰਨੀਂ ਡਿੱਗ ਪਿਆ ਤੇ ਸਿੱਖੀ ਧਾਰਨ ਕੀਤੀ ।

**ਸਿੱਖਿਆ :** ਜਨਮ ਕਰਕੇ ਕੋਈ ਨੀਚ ਨਹੀਂ, ਨੀਚ ਉਹ ਹੈ ਜਿਸ ਦਾ ਮਨ ਵਿਕਾਰਾਂ, ਔਗੁਣਾਂ ਤੇ ਭੈੜੇ ਵਿਚਾਰਾਂ ਨਾਲ ਭਰਿਆ ਪਿਆ ਹੈ । ਅਜਿਹੇ ਵਿਕਾਰੀ ਮਨੁੱਖ ਪਰਮਾਤਮਾ ਨੂੰ ਕਦੇ ਵੀ ਪ੍ਰਾਪਤ ਨਹੀਂ ਕਰ ਸਕਦੇ ।

**********

# ਭਾਈ ਮੰਝ ਜੀ

ਭਾਈ ਮੰਝ ਜੀ ਪਿੰਡ ਕੰਗ ਮਾਈ (ਹੁਸ਼ਿਆਰਪੁਰ) ਦੇ ਰਹਿਣ ਵਾਲੇ ਸਨ । ਆਪ ਜੀ ਦਾ ਪਹਿਲਾ ਨਾਮ ਤੀਰਥਾ ਸੀ । ਆਪ ਜੀ ਮੁਸਲਮਾਨ ਪੀਰ ਸਖੀ-ਸਰਵਰ (ਅੱਧਾ ਹਿੰਦੂ-ਅੱਧਾ ਮੁਸਲਮਾਨ) ਦੇ ਪੁਜਾਰੀ ਸਨ । ਆਪ ਜੀ ਨੇ ਆਪਣੇ ਘਰ ਇੱਕ ਪੀਰਖ਼ਾਨਾ (ਕਬਰ) ਵੀ ਬਣਾਇਆ ਹੋਇਆ ਸੀ, ਜਿਸ ਤੇ ਹਰ ਵੀਰਵਾਰ ਨੇਮ ਨਾਲ ਮਿੱਠਾ ਰੋਟ ਚੜਾਉਂਦੇ ਸਨ । ਸ਼ਰਧਾਲੂਆਂ ਨੂੰ ਨਾਲ ਲੈ ਕੇ ਹਰ ਸਾਲ "ਨਿਗਾਹੇ ਪਿੰਡ" ਜਾਂਦੇ ਹੁੰਦੇ ਸਨ, ਜਿੱਥੇ ਇਹਨਾਂ ਦੇ ਆਗੂ ਪੀਰ ਦੀ ਕਬਰ ਸੀ ।

ਸੰਨ ੧੫੮੫ ਈਸਵੀ ਦੀ ਗੱਲ ਹੈ ਕਿ ਇਹ ਜੱਥੇ ਸਮੇਤ 'ਨਿਗਾਹੇ' ਤੋਂ ਹੋ ਕੇ ਵਾਪਸ ਪਿੰਡ ਜਾ ਰਹੇ ਸਨ ਕਿ ਅੰਮ੍ਰਿਤਸਰ ਠਹਿਰ ਗਏ । ਕੀ ਵੇਖਦੇ ਹਨ, ਸੰਗਤਾਂ ਬੜੇ ਚਾਅ-ਮਲਾਰ ਨਾਲ ਕਾਰ-ਸੇਵਾ ਕਰ ਰਹੀਆਂ ਹਨ ਅਤੇ ਬੜੀ ਮਿੱਠੀ ਆਵਾਜ਼ ਵਿੱਚ ਬਾਣੀ ਪੜ੍ਹ ਰਹੀਆਂ ਹਨ । ਦੂਜੇ ਪਾਸੇ ਗੁਰੂ ਕਾ ਲੰਗਰ ਤਿਆਰ ਹੋ ਰਿਹਾ ਹੈ, ਉੱਥੇ ਵੀ ਬਾਣੀ ਦਾ ਪ੍ਰਵਾਹ ਚਲ ਰਿਹਾ ਹੈ । ਸੰਗਤਾਂ ਦੀ ਸ਼ਰਧਾ ਤੇ ਚਾਅ ਨੂੰ ਵੇਖ ਕੇ ਇਹਨਾਂ ਦੇ ਮਨ ਅੰਦਰ ਪ੍ਰੇਮ ਦੀ ਖਿੱਚ ਪਈ । ਸ਼ਾਮ ਦਾ ਦੀਵਾਨ ਗੁਰੂ ਅਰਜਨ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਜਿਆ । ਰਬਾਬੀਆਂ ਨੇ ਕੀਰਤਨ ਕੀਤਾ, ਗੁਰਬਾਣੀ ਦੀ ਵਿਚਾਰ ਹੋਈ । ਸੰਗਤਾਂ ਰਸ ਮਾਣ ਰਹੀਆਂ ਸਨ, ਜਿਸ ਦਾ ਭਾਈ ਮੰਝ ਜੀ ਉੱਤੇ ਬੜਾ ਗਹਿਰਾ ਅਸਰ ਪਿਆ । ਦੀਵਾਨ ਦੀ ਸਮਾਪਤੀ ਹੋਈ, ਕੁਝ ਸੰਗਤਾਂ ਜੋ ਪਹਿਲੀ ਵਾਰੀ ਗੁਰੂ-ਦਰਸ਼ਨਾਂ ਨੂੰ ਆਈਆਂ ਸਨ, ਗੁਰੂ ਸਾਹਿਬ ਜੀ ਨਾਲ ਬਚਨ-ਬਿਲਾਸ ਕਰਨ ਲਈ ਬੈਠ ਗਈਆਂ । ਭਾਈ ਮੰਝ ਜੀ ਵੀ ਉੱਥੇ ਹੀ ਬੈਠ ਗਏ ਤੇ ਬੇਨਤੀ ਕੀਤੀਓ ਨੇ, "ਪਾਤਸ਼ਾਹ ਜੀਓ ! ਮੈਨੂੰ ਵੀ ਆਪਣੀ ਸਿੱਖੀ ਦੀ ਦਾਤ ਬਖ਼ਸ਼ੋ ।" ਗੁਰੂ ਸਾਹਿਬ ਜੀ ਨੇ ਪੁੱਛਿਆ, "ਤੁਸੀਂ ਕੌਣ ਹੋ ਤੇ ਕੀ ਕਰਦੇ ਹੋ ?" ਭਾਈ ਮੰਝ ਜੀ ਨੇ ਕਿਹਾ, "ਮੇਰਾ ਨਾਮ ਤੀਰਥਾ ਹੈ, ਮੇਰਾ ਪਿੰਡ ਕੰਗਮਾਈ ਹੈ, ਮੈਂ ਆਪਣੇ ਪਿੰਡ ਵਿੱਚ ਸਖੀ-ਸਰਵਰੀਆਂ ਦਾ ਆਗੂ ਹਾਂ । ਮੇਰੇ ਘਰ ਪੀਰਖ਼ਾਨਾ ਬਣਿਆ ਹੋਇਆ ਹੈ, ਜਿੱਥੇ ਹਰ ਵੀਰਵਾਰ ਮੇਰੇ ਚੇਲੇ ਆਉਂਦੇ ਹਨ, ਮੰਨਤਾਂ ਮੰਗਦੇ ਹਨ ਤੇ ਮੈਂ ਬਾਬੇ ਨਿਗਾਹੇ ਦੀ ਸਿੱਖਿਆ ਦਿੰਦਾ ਹਾਂ ।"

ਗੁਰੂ ਸਾਹਿਬ ਜੀ ਨੇ ਸਮਝਾਇਆ, "ਸਿੱਖੀ ਉੱਤੇ ਸਿੱਖੀ ਨਹੀਂ ਟਿਕ ਸਕਦੀ । ਜੇ ਤੂੰ ਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਬਣਨਾ ਹੀ ਹੈ ਤਾਂ ਸੱਭ ਤੋਂ ਪਹਿਲਾਂ ਇੱਕ ਪਰਮਾਤਮਾ ਉੱਤੇ ਅਟੱਲ ਵਿਸ਼ਵਾਸ ਲਿਆਉਣਾ ਹੈ, ਕਿਸੇ ਗੋਰ, ਮੜ੍ਹੀ ਤੇ ਪੀਰਖ਼ਾਨੇ ਨੂੰ ਨਹੀਂ ਮੰਨਣਾ । ਤੈਨੂੰ ਆਪਣਾ ਜੀਵਨ ਢੰਗ ਬਦਲਣਾ ਹੋਵੇਗਾ । ਧਰਮ ਦੀ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛੱਕਣਾ ਸਿੱਖੀ ਦਾ ਮੂਲ ਸਿਧਾਂਤ ਹੈ ।" ਭਾਈ ਮੰਝ ਜੀ, ਗੁਰੂ ਸਾਹਿਬ ਜੀ ਦਾ ਉਪਦੇਸ਼ ਲੈ ਕੇ ਆਪਣੇ ਘਰ ਵਾਪਸ ਆ ਗਏ । ਆਪਣੇ ਘਰ ਜਾ ਕੇ ਪੀਰ ਦੀ ਕਬਰ ਢਾਹ ਦਿੱਤੀ । ਰੋਟ (ਮਿੱਠੀ ਰੋਟੀ) ਪਕਾਉਣੇ ਬੰਦ ਕਰ ਦਿੱਤੇ । ਭੁੰਜੇ ਸੌਣਾ ਵੀ ਬੰਦ ਕਰ ਦਿੱਤਾ । ਧਾਗੇ, ਤਵੀਤ ਦੇਣੇ ਤਿਆਗ ਦਿੱਤੇ । ਉਸਨੇ ਐਲਾਨ ਕਰ ਦਿੱਤਾ ਕਿ ਮੈਂ ਹੁਣ ਸਖੀ-ਸਰਵਰ ਦਾ ਪੁਜਾਰੀ ਨਹੀਂ ਹਾਂ । ਮੈਂ ਤਾਂ ਹੁਣ ਗੁਰੂ ਨਾਨਕ ਸਾਹਿਬ ਜੀ ਦਾ ਸਿੱਖ ਬਣ ਗਿਆ ਹਾਂ, ਹੁਣ ਮੈਂ ਧਰਮ ਦੀ ਕਿਰਤ ਕਰਾਂਗਾ, ਇੱਕ ਵਾਹਿਗੁਰੂ ਜੀ ਦਾ ਨਾਮ ਜਪਾਂਗਾ ਤੇ ਵੰਡ ਕੇ ਛੱਕਾਂਗਾ । ਜੋ ਵੀ ਮੇਰੇ ਕੋਲ ਤੁਹਾਡਾ ਧਨ-ਮਾਲ ਹੈ, ਉਸ ਨੂੰ ਵਾਪਸ ਲੈ ਜਾਓ । ਮੈਨੂੰ ਹੁਣ ਤੁਹਾਡੇ ਧਨ-ਮਾਲ ਦੀ ਜ਼ਰੂਰਤ ਨਹੀਂ ਹੈ । ਮੈਂ ਹੁਣ ਆਪਣੇ ਹੱਥੀਂ ਕਿਰਤ ਕਰਾਂਗਾ ਤੇ ਆਪਣੀ ਮਿਹਨਤ ਦੀ ਕਮਾਈ ਤੇ ਹੀ ਗੁਜ਼ਾਰਾ ਕਰਾਂਗਾ । ਮੈਨੂੰ ਹੁਣ ਐਸੀ ਝੂਠੀ ਚੌਧਰ ਦੀ ਵੀ ਲੋੜ ਨਹੀਂ ਹੈ ।" ਇਸ ਤਰ੍ਹਾਂ ਦੀਆਂ ਗੱਲਾਂ ਸੁਣ ਕੇ ਉਸਦੇ ਚੇਲੇ ਉਸਦੇ ਦੁਸ਼ਮਣ ਬਣ ਗਏ ।

ਭਾਈ ਮੰਝ ਜੀ ਨੇ ਹਲ ਵਾਹੁਣਾ ਸ਼ੁਰੂ ਕਰ ਦਿੱਤਾ । ਪਰ ਸੁਭਾਅ ਵਿੱਚ ਕਿਉਂਕਿ ਮਿਹਨਤ ਨਹੀਂ ਸੀ ਇਸ ਲਈ ਸਫ਼ਲ ਨਾ ਹੋ ਸਕੇ, ਜਿਸ ਕਰਕੇ ਘਰ ਵਿੱਚ ਅੱਤ ਦੀ ਗ਼ਰੀਬੀ ਆ ਗਈ । ਭਾਈ ਮੰਝ ਜੀ, ਗੁਰੂ ਸਾਹਿਬ ਜੀ ਕੋਲ ਹਾਜ਼ਿਰ ਹੋਏ ਤੇ ਬੇਨਤੀ ਕੀਤੀ, "ਪਾਤਸ਼ਾਹ ਮੇਰਾ ਪਹਿਲਾ ਕੰਮ ਸਖੀ-ਸਰਵਰਾਂ ਦਾ ਪ੍ਰਚਾਰ ਕਰਨਾ ਸੀ, ਹੁਣ ਮੈਂ ਸਿੱਖੀ ਪ੍ਰਚਾਰ ਲਈ ਸੇਵਾ ਕਰਨਾ ਚਾਹੁੰਦਾ ਹਾਂ । ਭਾਵੇਂ ਮੈਂ ਧਰਮ ਦੀ ਕਿਰਤ ਲਈ ਹਲ ਵਾਹੇ, ਪਰ ਸੁਭਾਅ ਤੇ ਨਾ-ਤਜ਼ਰਬੇਕਾਰੀ ਕਾਰਣ ਸਫ਼ਲ ਨਾ ਹੋ ਸਕਿਆ । ਮੈਂ ਚਾਹੁੰਦਾ ਹਾਂ ਕਿ ਆਪ ਜੀ ਕੋਲ ਰਹਿ ਕੇ ਗੁਰਮਤਿ ਦਾ ਗੂੜ੍ਹਾ ਗਿਆਨ ਪ੍ਰਾਪਤ ਕਰਾਂ ਤੇ ਲੋਕਾਈ ਨੂੰ, ਜੋ ਰੱਬ ਤੋਂ ਟੁੱਟੀ ਪਈ ਹੈ, ਤੁਹਾਡਾ ਪੈਗ਼ਾਮ ਸੁਣਾ ਕੇ ਵਾਹਿਗੁਰੂ ਜੀ ਨਾਲ ਜੋੜਾਂ, ਆਪ ਜੀ ਮੈਨੂੰ ਅਗਿਆ ਬਖ਼ਸ਼ੋ ਕਿ ਮੈਂ ਆਪ ਜੀ ਪਾਸ ਹੀ ਰਹਾਂ ।"

ਗੁਰੂ ਸਾਹਿਬ ਜੀ ਨੇ ਸਮਝਾਇਆ, ਗਿਆਨ ਦੀ ਪ੍ਰਾਪਤੀ ਦੇ ਨਾਲ-ਨਾਲ ਸਰੀਰਕ ਸੁਡੋਲਤਾ ਅਤੇ ਕਿਰਤ ਵੀ ਜ਼ਰੂਰੀ ਹੈ, ਇਸ ਲਈ ਤੁਸੀਂ ਲੰਗਰ ਲਈ ਜੰਗਲ ਵਿੱਚੋਂ ਲੱਕੜਾਂ ਲਿਆਉਣ ਦੀ ਸੇਵਾ ਸੰਭਾਲੋ । ਹੁਣ ਭਾਈ ਮੰਝ ਜੀ ਸਵੇਰੇ-ਸ਼ਾਮ ਸਤਿਸੰਗਤ ਕਰਦੇ, ਬਾਣੀ ਕੰਠ ਕਰਦੇ, ਬਾਣੀ ਗ੍ਰਹਿਣ ਕਰਦੇ ਅਤੇ ਦਿਨੇ ਜੰਗਲ ਵਿੱਚ ਲੱਕੜਾਂ ਲੈਣ ਜਾਂਦੇ ।

ਇੱਕ ਦਿਨ ਭਾਈ ਮੰਝ ਜੀ ਲੱਕੜਾਂ ਸਿਰ ਤੇ ਰਖ ਕੇ ਅੰਮ੍ਰਿਤਸਰ ਨੂੰ ਆ ਰਹੇ ਸਨ ਕਿ ਬਹੁਤ ਝੱਖੜ ਆ ਗਿਆ । ਭਾਈ ਮੰਝ ਜੀ ਲੱਕੜਾਂ ਸੰਭਾਲ ਕੇ ਤੁਰ ਰਹੇ ਸਨ ਕਿ ਇੱਕ ਖੂਹ ਵਿੱਚ ਡਿੱਗ ਪਏ । ਖੂਹ ਬਹੁਤ ਡੂੰਘਾ ਨਹੀਂ ਸੀ ਅਤੇ ਪਾਣੀ ਵੀ ਥੋੜ੍ਹਾ ਹੀ ਸੀ । ਭਾਈ ਸਾਹਿਬ ਜੀ ਨੇ ਲੱਕੜਾਂ ਸਿਰ ਤੇ ਹੀ

ਰਖੀਆਂ ਤਾਂ ਕਿ ਭਿੱਜ ਨਾ ਜਾਣ । ਖੂਹ ਵਿੱਚ ਖੜੋਤੇ ਆਪ ਜੀ ਗੁਰਬਾਣੀ ਦਾ ਪਾਠ ਉੱਚੀ-ਉੱਚੀ ਕਰਨ ਲੱਗੇ । ਗੁਰੂ ਅਰਜਨ ਸਾਹਿਬ ਜੀ ਆਪਣੇ ਸਿੱਖਾਂ ਸਮੇਤ ਸ਼ਿਕਾਰ ਖੇਡਣ ਉਸੇ ਪਾਸੇ ਜੰਗਲ ਵਿੱਚ ਆਏ ਹੋਏ ਸਨ । ਗੁਰੂ ਸਾਹਿਬ ਜੀ ਨੇ ਜਦੋਂ ਆਵਾਜ਼ ਸੁਣੀ ਤਾਂ ਖੂਹ ਦੇ ਨੇੜੇ ਆ ਕੇ ਰੁਕ ਗਏ ਤੇ ਪੁੱਛਿਆ, "ਤੁਸੀਂ ਕੌਣ ਹੋ ?" ਭਾਈ ਮੰਝ ਜੀ ਨੇ ਗੁਰੂ ਸਾਹਿਬ ਜੀ ਦੀ ਆਵਾਜ਼ ਪਛਾਣ ਲਈ ਅਤੇ ਕਿਹਾ, "ਪਾਤਸ਼ਾਹ ਜੀਉ ! ਮੈਂ ਤੁਹਾਡਾ ਹੀ ਪੁੱਤਰ ਮੰਝ ਹਾਂ ।" ਗੁਰੂ ਸਾਹਿਬ ਜੀ ਨੇ ਇਹ ਸੁਣਦਿਆਂ ਹੀ ਸਿੱਖਾਂ ਨੂੰ ਰੱਸੇ ਲਿਆਉਣ ਲਈ ਭੇਜਿਆ । ਗੁਰੂ ਸਾਹਿਬ ਜੀ ਨੇ ਰੱਸਾ ਲਮਕਾ ਕੇ ਆਵਾਜ਼ ਦਿੱਤੀ, "ਭਾਈ ਮੰਝ ਜੀ ! ਰੱਸਾ ਫੜ ਕੇ ਬਾਹਰ ਆ ਜਾਉ ।" ਭਾਈ ਮੰਝ ਜੀ ਨੇ ਉੱਤਰ ਦਿੱਤਾ, "ਪਹਿਲਾਂ ਲੱਕੜਾਂ ਬਾਹਰ ਕੱਢੋ ।" ਇਸੇ ਤਰ੍ਹਾਂ ਹੀ ਕੀਤਾ ਗਿਆ, ਉਸ ਤੋਂ ਬਾਅਦ ਭਾਈ ਮੰਝ ਜੀ ਖੂਹ ਵਿੱਚੋਂ ਬਾਹਰ ਆਏ ।

ਗੁਰੂ ਸਾਹਿਬ ਜੀ ਨੇ ਭਾਈ ਮੰਝ ਜੀ ਨੂੰ ਕਿਹਾ, "ਤੁਸੀਂ ਸਿੱਖੀ ਦੇ ਇਮਤਿਹਾਨ ਵਿੱਚੋਂ ਪਾਸ ਹੋਏ ਹੋ ।" ਭਾਈ ਮੰਝ ਜੀ ਗੁਰੂ ਜੀ ਦੀ ਬਖ਼ਸ਼ਿਸ਼ ਨਾਲ ਧੰਨ-ਧੰਨ ਹੋ ਉਠੇ ਅਤੇ ਸ਼ੁਕਰਾਨੇ ਵਜੋਂ ਗੁਰੂ ਚਰਨਾਂ ਤੇ ਢਹਿ ਪਏ । ਭਾਈ ਮੰਝ ਜੀ ਨੇ ਗੁਰੂ ਸਾਹਿਬ ਜੀ ਪਾਸੋਂ ਮੰਗ ਮੰਗੀ, "ਮੈਨੂੰ ਸਿੱਖੀ ਤੋਂ ਡੋਲਣ ਨਾ ਦੇਣਾ ਅਤੇ ਸਿੱਖੀ ਸਦਾ ਮੇਰੇ ਨਾਲ ਨਿਭੇ ।" ਗੁਰੂ ਸਾਹਿਬ ਜੀ ਨੇ ਖੁਸ਼ੀ ਅਤੇ ਪਿਆਰ ਵਿੱਚ ਆ ਕੇ ਭਾਈ ਸਾਹਿਬ ਜੀ ਨੂੰ ਛਾਤੀ ਨਾਲ ਲਾਇਆ ਤੇ ਬਚਨ ਕੀਤਾ (ਜੋ ਕਿ ਇਤਿਹਾਸ ਵਿੱਚ ਇਸ ਤਰ੍ਹਾਂ ਲਿਖਿਆ ਮਿਲਦਾ ਹੈ) :-

**ਮੰਝ ਪਿਆਰਾ ਗੁਰੂ ਕੋ, ਗੁਰੂ ਮੰਝ ਪਿਆਰਾ ॥ ਮੰਝ ਗੁਰੂ ਕਾ ਬੋਹਿਥਾ, ਜਗੁ ਲੰਘਣਹਾਰਾ ॥**

ਗੁਰੂ ਸਾਹਿਬ ਜੀ ਦਾ ਭਾਵ ਸੀ ਕਿ ਜੋ ਮੰਝ ਵਰਗੀ ਸੇਵਾ ਅਤੇ ਸਿਦਕ ਰਖੇਗਾ, ਗੁਰੂ ਉਪਦੇਸ਼ਾਂ ਨੂੰ ਕਮਾਏਗਾ, ਉਸਦੀ ਹਉਮੈ ਤੋਂ ਨਿਵਿਰਤੀ ਤੇ ਹੰਕਾਰ ਤੋਂ ਛੁਟਕਾਰਾ ਹੋ ਜਾਵੇਗਾ ਅਤੇ ਉਹ ਇਸ ਸੰਸਾਰ ਰੂਪੀ ਭਵ-ਸਾਗਰ ਤੋਂ ਪਾਰ ਹੋ ਜਾਵੇਗਾ ਅਤੇ ਇਸ ਤਰ੍ਹਾਂ ਮਨੁੱਖ ਅਕਾਲ ਪੁਰਖ ਦੀਆਂ ਖੁਸ਼ੀਆਂ ਪ੍ਰਾਪਤ ਕਰ ਲਵੇਗਾ । ਕਿਉਂਕਿ ਹਉਮੈ ਤੇ ਹੰਕਾਰ ਦੀ ਭਾਵਨਾ ਹੀ ਦੁੱਖਾਂ ਦਾ ਕਾਰਨ ਹੈ ਜੋ ਮਨੁੱਖ ਨੂੰ ਸੰਸਾਰ ਭਵ-ਸਾਗਰ ਤੋਂ ਪਾਰ ਨਹੀਂ ਲੰਘਣ ਦਿੰਦੀ ।

ਇਸ ਉਪਰੰਤ ਗੁਰੂ ਸਾਹਿਬ ਜੀ ਨੇ ਭਾਈ ਮੰਝ ਜੀ ਦੀ ਸਿਖਲਾਈ ਤੇ ਇਮਤਿਹਾਨ ਵਿੱਚੋਂ ਪਾਸ ਹੋਣ ਕਰਕੇ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਪ੍ਰਮਾਣਿਕ ਪ੍ਰਚਾਰਕ ਦੇ ਤੌਰ ਤੇ ਵਾਪਸ ਉਹਨਾਂ ਦੇ ਘਰ, ਪਿੰਡ ਕੰਗਮਾਈ (ਹੁਸ਼ਿਆਰਪੁਰ) ਵਿਖੇ ਭੇਜ ਦਿੱਤਾ । ਭਾਈ ਮੰਝ ਜੀ ਨੇ ਆਪਣੇ ਘਰ ਸੰਗਤ ਕਾਇਮ ਕੀਤੀ ਅਤੇ ਲੰਗਰ ਚਲਾਇਆ । ਜਿੱਥੇ ਪਹਿਲਾਂ ਇਹ ਸਖੀ-ਸਰਵਰਾਂ ਦਾ ਪ੍ਰਚਾਰ ਕਰਦੇ ਸਨ, ਉੱਥੇ ਹੁਣ ਸਿੱਖੀ ਦੇ ਪ੍ਰਚਾਰ ਹਿੱਤ ਸਾਰੇ ਇਲਾਕੇ ਵਿੱਚ ਵੱਡੀਆਂ-ਵੱਡੀਆਂ ਸੰਗਤਾਂ ਨੂੰ ਨਾਲ ਲੈ ਕੇ ਨਿਕਲਦੇ ਹੋਏ ਗੁਰਸਿੱਖੀ ਦੇ ਪ੍ਰਚਾਰ ਵਿੱਚ ਆਪਣਾ ਭਰਪੂਰ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ ।

**********

# ਭੰਗਾਣੀ ਦਾ ਯੁੱਧ

ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਪਿੱਛੋਂ ਕੌਮ ਦੀ ਚੜ੍ਹਦੀ ਕਲਾ ਵਾਸਤੇ ਫ਼ੌਜਾਂ ਦੀ ਤਿਆਰੀ ਆਰੰਭੀ ਅਤੇ ਰਣਜੀਤ ਨਗਾਰਾ ਬਣਵਾਇਆ ਅਤੇ ਸੰਗਤਾਂ ਨੂੰ ਹੁਕਮ ਕੀਤਾ ਕਿ ਸ਼ਸਤਰ ਭੇਟਾ ਕੀਤਾ ਕਰਨ । ਇਸ ਵਿੱਚ ਸਤਿਗੁਰੂ ਜੀ ਦੀ ਪ੍ਰਸੰਨਤਾ ਹੈ । ਆਸਾਮ ਦੇ ਰਾਜੇ ਰਤਨ ਰਾਇ ਗੁਰੂ ਸਾਹਿਬ ਜੀ ਵਾਸਤੇ ਕਈ ਕੀਮਤੀ ਤੋਹਫ਼ੇ ਲੈ ਕੇ ਆਇਆ ਸੀ । ਜਿਸ ਵਿੱਚ ਪਰਸਾਦੀ ਹਾਥੀ, ਪੰਜ ਕਲਾ ਸ਼ਸਤਰ, ਵਧੀਆ ਨਸਲ ਦੇ ਘੋੜੇ, ਚੰਦਨ ਦੀ ਚੌਕੀ ਆਦਿਕ ਸਨ । ਕਾਬਲ ਦੀ ਸੰਗਤ ਵੱਲੋਂ ਇੱਕ ਅਤਿ ਕੀਮਤੀ ਤੰਬੂ ਭੇਟ ਹੋਇਆ । ਇਹ ਸੱਭ ਕੁਝ ਵੇਖ ਕੇ ਪਹਾੜੀ ਰਾਜੇ ਗੁਰੂ ਸਾਹਿਬ ਜੀ ਨਾਲ ਈਰਖ਼ਾ ਕਰਨ ਲੱਗ ਪਏ ।

ਪਹਾੜੀ ਰਾਜਿਆਂ ਦਾ ਮੁਖੀ, ਰਾਜਾ ਭੀਮ ਚੰਦ ਜੋ ਗੁਰੂ ਸਾਹਿਬ ਜੀ ਦੀ ਸ਼ਾਨੋ-ਸ਼ੌਕਤ ਵੇਖ ਕੇ ਹਰ ਵਕਤ ਈਰਖ਼ਾ ਵਿੱਚ ਸੜਦਾ ਸੀ, ਉਸਨੇ ਗੁਰੂ ਸਾਹਿਬ ਜੀ ਪਾਸੋਂ ਆਪਣੇ ਪੁੱਤਰ ਦੀ ਕੁੜਮਾਈ ਦੇ ਮੌਕੇ ਤੇ ਉਪਰੋਕਤ ਕੀਮਤੀ ਵਸਤਾਂ ਮੰਗਵਾ ਭੇਜੀਆਂ । ਸਤਿਗੁਰ ਜੀ ਉਸ ਦੀ ਬੇਇਮਾਨੀ ਨੂੰ ਸਮਝਦੇ ਸਨ, ਇਸ ਲਈ ਉਹਨਾਂ ਨੇ ਇਹ ਵਸਤੂਆਂ ਨਾ ਦਿੱਤੀਆਂ । ਸੋ ਭੀਮ ਚੰਦ ਬਹੁਤ ਗੁੱਸੇ ਵਿੱਚ ਸੀ ਅਤੇ ਅਜਿਹੇ ਮੌਕੇ ਦੀ ਭਾਲ ਵਿੱਚ ਸੀ, ਜਦੋਂ ਗੁਰੂ ਸਾਹਿਬ ਜੀ ਤੇ ਉਹ ਹਮਲਾ ਕਰ ਸਕੇ ।

ਸਿਰਮੌਰ ਰਿਆਸਤ ਦੇ ਰਾਜਾ ਮੇਦਨੀ ਪ੍ਰਕਾਸ਼ ਨੇ, ਜੋ ਗੁਰੂ ਘਰ ਦਾ ਸ਼ਰਧਾਲੂ ਸੀ, ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਦੀ ਰਿਆਸਤ ਵਿਚ ਸਿੱਖੀ ਪ੍ਰਚਾਰ ਕਰਨ ਲਈ ਆਉਣ । ਗੁਰੂ ਸਾਹਿਬ ਜੀ ਨੇ ਬੇਨਤੀ ਪ੍ਰਵਾਨ ਕਰ ਲਈ । ਰਾਜੇ ਨੇ ਗੁਰੂ ਸਾਹਿਬ ਜੀ ਵਾਸਤੇ ਜਮਨਾ ਨਦੀ ਦੇ ਕਿਨਾਰੇ ਇੱਕ ਕਿਲ੍ਹਾ ਤਿਆਰ ਕਰਵਾਇਆ, ਜਿਸ ਦਾ ਨਾਂ ਪਾਉਂਟਾ ਸਾਹਿਬ ਰਖਿਆ ਗਿਆ । ਇਸ ਅਸਥਾਨ ਤੇ ਸੰਗਤਾਂ ਦੂਰੋਂ-ਦੂਰੋਂ ਆਉਣ ਲੱਗ ਪਈਆਂ ਅਤੇ ਗੁਰੂ ਉਪਦੇਸ਼ ਸਰਵਣ ਕਰਨ ਲੱਗ ਪਈਆਂ । ਗੁਰੂ ਸਾਹਿਬ ਜੀ ਨੇ ਇੱਥੇ ਸ਼ਸਤਰ ਵਿਦਿਆ ਦੀ ਸਿਖਲਾਈ ਵੀ ਦੇਣੀ ਆਰੰਭ ਕਰ ਦਿੱਤੀ । ਇੱਥੇ ਹੀ ਸਢੌਰੇ ਦੇ ਪੀਰ ਬੁੱਧੂ ਸ਼ਾਹ ਜੀ ਨੇ ਔਰੰਗਜ਼ੇਬ ਦੀ ਫ਼ੌਜ ਵਿੱਚੋਂ ਕੱਢੇ ਹੋਏ ਪੰਜ ਸੌ ਪਠਾਣ ਗੁਰੂ ਸਾਹਿਬ ਜੀ ਕੋਲ ਭਰਤੀ ਕਰਵਾ ਦਿੱਤੇ ।

ਭੀਮ ਚੰਦ ਦੇ ਪੁੱਤਰ ਦੀ ਕੁੜਮਾਈ ਗੜ੍ਹਵਾਲ ਦੇ ਰਾਜੇ ਫ਼ਤਿਹ ਚੰਦ ਦੀ ਲੜਕੀ ਨਾਲ ਹੋਈ ਸੀ । ਫ਼ਤਿਹ ਚੰਦ ਨੇ ਆਪਣੀ ਲੜਕੀ ਦੇ ਵਿਆਹ ਤੇ ਗੁਰੂ ਸਾਹਿਬ ਜੀ ਨੂੰ ਸੱਦਾ ਭੇਜਿਆ । ਜਿਸ ਕਰਕੇ ਗੁਰੂ ਸਾਹਿਬ ਜੀ ਨੇ ਉਸ ਨੂੰ ਕੁਝ ਕੀਮਤੀ ਤੋਹਫ਼ੇ ਭੇਜੇ । ਪਰ ਈਰਖਾਲੂ ਤੇ ਗੁੱਸੇ ਦੇ ਭਰੇ ਹੋਏ ਭੀਮ ਚੰਦ ਦੇ ਕਹਿਣ ਤੇ ਉਹ ਤੋਹਫ਼ੇ ਵਾਪਸ ਕਰ ਦਿੱਤੇ ਗਏ । ਉੱਧਰ ਭੀਮ ਚੰਦ ਨੇ ਉਲਟਾ ਤੋਹਫ਼ੇ ਲੁੱਟਣ ਦੀ ਨੀਯਤ ਨਾਲ ਵਾਪਸ ਆਉਂਦੇ ਸਿੱਖਾਂ ਤੇ ਹਮਲਾ ਕਰ ਦਿੱਤਾ । ਸਿੱਖ ਬੱਚ ਕੇ ਨਿਕਲ ਗਏ । ਭੀਮ ਚੰਦ ਨੇ ਇਸ ਸਮੇਂ ਆਪਣੇ ਪੁੱਤਰ ਦੇ ਵਿਆਹ ਤੇ ਇਕੱਤ੍ਰ ਹੋਏ ਸਾਰੇ ਪਹਾੜੀ ਰਾਜਿਆਂ ਨੂੰ ਗੁਰੂ ਸਾਹਿਬ ਜੀ ਤੇ ਹਮਲਾ ਕਰਨ ਲਈ ਉਕਸਾਇਆ ।

ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਪਹਾੜੀ ਰਾਜਿਆਂ ਦੀ ਤਿਆਰੀ ਅਤੇ ਉਹਨਾਂ ਵੱਲੋਂ ਹਮਲਾ ਕਰਨ ਦੀ ਯੋਜਨਾ ਦੀ ਖ਼ਬਰ ਆ ਦੱਸੀ । ਸਤਿਗੁਰੂ ਜੀ ਨੇ ਵੀ ਜੰਗ ਦੀ ਤਿਆਰੀ ਆਰੰਭ ਕਰ ਦਿੱਤੀ । ਗੁਰੂ ਸਾਹਿਬ ਜੀ ਦੇ ਮਾਮਾ ਕਿਰਪਾਲ ਚੰਦ ਜੀ, ਉਹਨਾਂ ਦੀ ਭੂਆ ਬੀਬੀ ਵੀਰੋ ਜੀ ਦੇ ਪੰਜ ਪੁੱਤਰ ਅਤੇ ਹੋਰ ਮੁਖੀ ਸਿੱਖਾਂ ਨੇ ਮਿਲ-ਬੈਠ ਕੇ ਜੰਗ ਦਾ ਪੂਰਾ ਨਕਸ਼ਾ ਤਿਆਰ ਕੀਤਾ ਕਿ ਕਿਵੇਂ ਵਿਰੋਧੀ ਜਮਨਾ ਨਦੀ ਪਾਰ ਕਰਕੇ ਹਮਲਾ ਕਰਨਗੇ ਅਤੇ ਅਸੀਂ ਕਿਵੇਂ ਉਹਨਾਂ ਦਾ ਟਾਕਰਾ ਕਰਨਾ ਹੈ । ਸੋ ਪੂਰੀ ਵਿਚਾਰ ਤੇ ਨਿਰੀਖਣ ਉਪਰੰਤ ਜੰਗ ਕਰਨ ਲਈ ਭੰਗਾਣੀ ਦਾ ਸਥਾਨ ਚੁਣਿਆ ਗਿਆ । ਕਿਉਂਕਿ ਉੱਥੇ ਛੋਟੇ ਜਿਹੇ ਮੈਦਾਨ ਤੋਂ ਬਾਅਦ ਇੱਕ ਪਹਾੜੀ ਸੀ, ਫਿਰ ਮੈਦਾਨ ਸੀ, ਉਸ ਦੇ ਅੱਗੇ ਦਰਿਆ ਸੀ, ਇੱਕ ਪਾਸੇ ਡੂੰਘੀ ਖਾਈ ਸੀ । ਇਹ ਅਸਥਾਨ ਇਸ ਲਈ ਲਾਹੇਵੰਦ ਸੀ, ਕਿ ਜੇ ਵਿਰੋਧੀ ਮਾਰ ਖਾ ਕੇ ਪਿੱਛੇ ਨੱਸਣਗੇ ਤਾਂ ਜਮਨਾ ਨਦੀ ਪਾਰ ਕਰਦੇ ਸਮੇਂ ਜਲਦੀ ਹੀ ਕਾਬੂ ਆ ਜਾਣਗੇ ।

ਭਾਵੇ ਸਿੱਖਾਂ ਦੀ ਗਿਣਤੀ ਘੱਟ ਸੀ, ਜਦ ਕਿ ੨੧ ਪਹਾੜੀ ਰਾਜਿਆਂ ਦੀ ਮਿਲਵੀਂ ਫ਼ੌਜ ਬਹੁਤ ਜ਼ਿਆਦਾ ਸੀ, ਪਰ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਲਈ ਆਖਿਆ ਅਤੇ ਉਹਨਾਂ ਦੇ ਹੌਂਸਲੇ ਬੁਲੰਦ ਕੀਤੇ । ਜਦ ਜੰਗ ਦਾ ਬਿਗੁਲ ਵੱਜਿਆ ਤਾਂ ੪੦੦ ਪਠਾਣ ਪਹਾੜੀਆਂ ਨੇ ਅੰਦਰਖਾਤੇ

ਖ਼ਰੀਦ ਲਏ । ਜਦ ਪੀਰ ਬੁੱਧੂ ਸ਼ਾਹ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣੇ ਚਾਰੋਂ ਪੁੱਤਰ, ਦੋ ਭਰਾ ਅਤੇ ੭੦੦ ਮੁਰੀਦ (ਚੇਲੇ) ਨਾਲ ਲੈ ਕੇ ਪਾਉਂਟਾ ਸਾਹਿਬ ਲਈ ਤੁਰ ਪਏ । ਮਹੰਤ ਕਿਰਪਾਲ ਦਾਸ ਜੀ ਵੀ ਆਪਣਾ ਮੋਟਾ ਸੋਟਾ ਲੈ ਕੇ ਜੰਗ ਵਿੱਚ ਸ਼ਾਮਿਲ ਹੋਏ । ਲਾਲ ਚੰਦ ਹਲਵਾਈ ਵੀ ਜੰਗ ਵਿੱਚ ਸ਼ਾਮਿਲ ਹੋਏ ।

ਪਹਾੜੀ ਰਾਜੇ ਮਾਰੋ-ਮਾਰ ਕਰਦੇ ਪਾਉਂਟਾ ਸਾਹਿਬ ਵੱਲ ਤੁਰ ਪਏ ਅਤੇ ਭੰਗਾਣੀ ਦੇ ਸਥਾਨ ਤੇ ਬੇੜੀਆਂ ਦਾ ਪੁਲ ਦਰਿਆ ਉੱਤੇ ਬਣਾ ਕੇ ਭੰਗਾਣੀ ਦੇ ਸਥਾਨ ਤੇ ਪਹੁੰਚ ਗਏ । ਇੱਥੇ ਜ਼ਬਰਦਸਤ ਜੰਗ ਹੋਈ ਅਤੇ ਪਹਾੜੀ ਰਾਜੇ ਗੁਰੂ ਸਾਹਿਬ ਜੀ ਦੀਆਂ ਫ਼ੌਜਾਂ ਦੀ ਟੱਕਰ ਨਾ ਸਹਾਰ ਸਕੇ ਅਤੇ ਹਾਰ ਖਾ ਕੇ ਭੱਜ ਗਏ । ਇਸ ਜੰਗ ਵਿੱਚ ਸਤਿਗੁਰ ਪਾਤਸ਼ਾਹ ਜੀ ਦੇ ਭੂਆ ਜੀ ਬੀਬੀ ਵੀਰੋ ਜੀ ਦੇ ਦੋ ਪੁੱਤਰ, ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ, ਇੱਕ ਭਰਾ ਤੇ ਉਹਨਾਂ ਦੇ ਕੁਝ ਚੇਲੇ ਅਤੇ ਕੁਝ ਸਿੱਖ ਸ਼ਹੀਦ ਹੋਏ । ਦੂਜੇ ਪਾਸੇ ਤਿੰਨ ਪਹਾੜੀ ਰਾਜੇ ਅਤੇ ਵੱਡੀ ਗਿਣਤੀ ਵਿੱਚ ਪਹਾੜੀ ਫ਼ੌਜਾਂ ਅਤੇ ਪਠਾਣ ਮਾਰੇ ਗਏ ।

ਰਾਜਿਆਂ ਨੇ ਜੰਗ ਤੋਂ ਪਹਿਲਾਂ ਸੋਚਿਆ ਸੀ ਕਿ ਗੁਰੂ ਸਾਹਿਬ ਜੀ ਪਾਸ ਬਹੁਤੀ ਫ਼ੌਜ ਨਹੀਂ ਹੈ, ਇਸ ਲਈ ਅਸੀਂ ਗੁਰੂ ਸਾਹਿਬ ਜੀ ਨੂੰ ਹਰਾ ਕੇ ਤਬਾਹ ਕਰ ਦਿਆਂਗੇ । ਜਿਸ ਨਾਲ ਬਾਦਸ਼ਾਹ ਔਰੰਗਜ਼ੇਬ ਖੁਸ਼ ਹੋ ਜਾਵੇਗਾ ਅਤੇ ਨੀਚ ਜ਼ਾਤ ਵਾਲੇ ਬੰਦੇ, ਜੋ ਉਹਨਾਂ ਦੀ ਈਨ ਨਹੀਂ ਮੰਨਦੇ ਸਨ, ਉਹ ਵੀ ਉਹਨਾਂ ਦੀ ਈਨ ਮੰਨ ਲੈਣਗੇ । ਪਹਾੜੀ ਰਾਜਿਆਂ ਦੀ ਇਹ ਵੀ ਇੱਛਾ ਸੀ ਕਿ ਅਸੀਂ ਸਤਿਗੁਰ ਪਾਤਸ਼ਾਹ ਜੀ ਦਾ ਬਹੁਤ ਸਾਰਾ ਕੀਮਤੀ ਸਾਮਾਨ ਵੀ ਲੁੱਟ ਲਵਾਂਗੇ । ਪਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਅਤੇ ਫਿਰ ਉਹਨਾਂ ਨੂੰ ਸਮਝ ਪਈ ਕਿ ਗੁਰੂ ਸਾਹਿਬ ਜੀ ਨੂੰ ਹਰਾਉਣਾ ਸੰਭਵ ਨਹੀਂ । ਇਹ ਯੁੱਧ ੨੨ ਫਰਵਰੀ ਸੰਨ ੧੬੮੬ ਈਸਵੀ ਨੂੰ ਹੋਇਆ ।

**********

# ਪੰਜ ਪਿਆਰਿਆਂ ਦਾ ਸੰਖੇਪ ਜੀਵਨ

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸੰਨ ੧੬੯੯ ਈਸਵੀ ਦੀ ਵਿਸਾਖੀ ਵਾਲੇ ਦਿਨ ਸਿੱਖਾਂ ਦਾ ਇੱਕ ਬਹੁਤ ਵੱਡਾ ਇਕੱਠ ਕੀਤਾ । ਇਸ ਇਕੱਠ ਵਿੱਚ ਉਹਨਾਂ ਨੇ ਸਿੱਖਾਂ ਕੋਲੋਂ ਸਿਰ ਮੰਗੇ । ਪਹਿਲਾਂ ਭਾਈ ਦਇਆ ਰਾਮ ਜੀ ਉੱਠ ਕੇ ਆਏ । ਉਹਨਾਂ ਨੇ ਆਪਣਾ ਸੀਸ ਭੇਟ ਕੀਤਾ । ਫਿਰ ਭਾਈ ਧਰਮ ਚੰਦ ਜੀ ਆਏ, ਫਿਰ ਭਾਈ ਹਿੰਮਤ ਰਾਇ ਜੀ, ਭਾਈ ਮੋਹਕਮ ਚੰਦ ਜੀ ਤੇ ਪੰਜਵੇਂ ਭਾਈ ਸਾਹਿਬ ਚੰਦ ਜੀ ਆਏ । ਸੱਭ ਨੇ ਵਾਰੀ-ਵਾਰੀ ਆਪਣਾ ਸੀਸ ਗੁਰੂ ਜੀ ਨੂੰ ਭੇਟ ਕੀਤਾ । ਗੁਰੂ ਸਾਹਿਬ ਜੀ ਨੇ ਹੋਰ ਸੀਸ ਨਹੀਂ ਮੰਗੇ । ਗੁਰੂ ਸਾਹਿਬ ਜੀ ਨੇ ਉਹਨਾਂ ਪੰਜਾਂ ਸਿੱਖਾਂ ਨੂੰ ਖੰਡੇ ਬਾਟੇ ਦੀ ਪਾਹੁਲ (ਅੰਮ੍ਰਿਤ) ਛਕਾ ਕੇ, ਉਹਨਾਂ ਨੂੰ ਆਪਣੇ ਪਿਆਰੇ ਆਖਿਆ ਅਤੇ ਉਹਨਾਂ ਦੇ ਨਾਵਾਂ ਨਾਲ ਸਿੰਘ ਲਾ ਦਿੱਤਾ ।

ਪੰਜ ਪਿਆਰਿਆਂ ਨੇ ਨਾਮ ਇਸ ਤਰ੍ਹਾਂ ਹਨ :-

੧. ਭਾਈ ਦਇਆ ਸਿੰਘ ਜੀ ੨. ਭਾਈ ਧਰਮ ਸਿੰਘ ਜੀ

੩ ਭਾਈ ਹਿੰਮਤ ਸਿੰਘ ਜੀ ੪. ਭਾਈ ਮੋਹਕਮ ਸਿੰਘ ਜੀ ੫. ਭਾਈ ਸਾਹਿਬ ਸਿੰਘ ਜੀ

ਫਿਰ ਗੁਰੂ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਕੋਲੋਂ ਆਪ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਆਪ ਜੀ ਦਾ ਨਾਮ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਹੋਇਆ । ਗੁਰੂ ਸਾਹਿਬ ਜੀ ਨੇ ਹੁਕਮ ਕੀਤਾ ਕਿ ਹਰ ਗੁਰਸਿੱਖ ਮਾਈ-ਭਾਈ ਖੰਡੇ ਦੀ ਪਾਹੁਲ ਛਕੇ । ਹੁਣ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ । ਗੁਰੂ ਸਾਹਿਬ ਜੀ ਨੇ ਅੰਮ੍ਰਿਤ ਛਕਾਉਣ ਦਾ ਅਧਿਕਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਰਹਿੰਦਿਆਂ ਹੋਇਆਂ ਸਿੱਖਾਂ ਨੂੰ ਸੌਂਪ ਦਿੱਤਾ । ਕੋਈ ਪੰਜ ਸਿੰਘ, ਜੋ ਕਿ ਰਹਿਤ-ਬਹਿਤ ਵਿੱਚ ਪੱਕੇ ਹੋਣ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਦਾ ਬਾਟਾ ਤਿਆਰ ਕਰ ਸਕਦੇ ਹਨ । ਇਹਨਾਂ ਵਿੱਚ ਤਿਆਰ-ਬਰ-ਤਿਆਰ ਬੀਬੀਆਂ ਵੀ ਸ਼ਾਮਿਲ ਹੋ ਸਕਦੀਆਂ ਹਨ । ਅਸੀਂ ਅੰਮ੍ਰਿਤ ਛਕ ਕੇ ਹੀ ਸਿੰਘ ਸੱਜਦੇ ਹਾਂ । ਸਿੱਖ ਦੇ ਜੀਵਨ ਦੇ ਵਿੱਚ ਆਉਣ ਵਾਲੇ ਮਹੱਤਵਪੂਰਨ ਸੰਸਕਾਰਾਂ ਵਿੱਚੋਂ ਇਹ ਇੱਕ ਅਤਿ ਮਹੱਤਵਪੂਰਨ ਸੰਸਕਾਰ ਹੈ ।

ਅਸੀਂ ਵਿਸਾਖੀ ਦੇ ਤਿਉਹਾਰ ਨੂੰ ਯਾਦ ਰੱਖਣਾ ਹੈ ਕਿਉਂਕਿ ਇਸ ਦਿਨ ਸਿੱਖ ਇਤਿਹਾਸ ਦੀ ਇਹ ਬਹੁਤ ਵੱਡੀ ਤੇ ਮਹੱਤਵਪੂਰਨ ਘਟਨਾ ਵਾਪਰੀ ਸੀ । ਅਸੀਂ ਅੰਮ੍ਰਿਤ ਛਕ ਕੇ "ਖ਼ਾਲਸਾ" ਬਣ ਗਏ ।

**ਪੰਜਾਂ ਪਿਆਰਿਆਂ ਦਾ ਸੰਖੇਪ ਜੀਵਨ-ਵੇਰਵਾ ਇਸ ਪ੍ਰਕਾਰ ਹੈ :-**

**ਭਾਈ ਦਇਆ ਸਿੰਘ ਜੀ :-** ਆਪ ਜੀ ਦਾ ਜਨਮ ਸੰਨ ੧੬੬੧ ਈਸਵੀ ਨੂੰ ਹੋਇਆ । ਆਪ ਜੀ ਲਾਹੌਰ ਦੇ ਰਹਿਣ ਵਾਲੇ ਸਨ । ਆਪ ਜੀ ਦੇ ਪਿਤਾ ਭਾਈ ਸੁੱਧੋ ਜੀ ਤੇ ਮਾਤਾ ਦਿਆਲੋ ਜੀ ਸਨ । ਆਪ ਜੀ ਦੇ ਵੱਡੇ-ਵਡੇਰਿਆਂ ਨੇ ਗੁਰੂ ਅੰਗਦ ਸਾਹਿਬ ਜੀ ਵੇਲੇ ਸਿੱਖੀ ਧਾਰਣ ਕੀਤੀ ਸੀ । ਭਾਈ ਦਇਆ ਸਿੰਘ ਜੀ ਛੋਟੀ ਉਮਰ ਵਿੱਚ ਹੀ ਗੁਰੂ ਕਲਗੀਧਰ ਜੀ ਦੀ ਸੇਵਾ ਵਿੱਚ ਆ ਹਾਜ਼ਿਰ ਹੋਏ । ਅਨੰਦਪੁਰ ਸਾਹਿਬ ਦੀਆਂ ਹੋਈਆਂ ਸੱਭ ਜੰਗਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ । ਚਮਕੌਰ ਦੀ ਜੰਗ ਤੋਂ ਬਾਅਦ ਜ਼ਫਰਨਾਮਾ (ਜਿੱਤ ਦੀ ਚਿੱਠੀ) ਆਪ ਜੀ ਅਤੇ ਭਾਈ ਧਰਮ ਸਿੰਘ ਜੀ ਹੀ ਔਰੰਗਜ਼ੇਬ ਬਾਦਸ਼ਾਹ ਕੋਲ ਲੈ ਕੇ ਗਏ ਸਨ । ਔਰੰਗਜ਼ੇਬ ਬਾਦਸ਼ਾਹ ਨਾਲ ਆਪ ਜੀ ਨੇ ਹੀ ਗੱਲਬਾਤ ਕੀਤੀ । ਸੰਨ ੧੭੦੮ ਈਸਵੀ ਵਿੱਚ ਆਪ ਜੀ ਹਜ਼ੂਰ ਸਾਹਿਬ – ਨਾਂਦੇੜ (ਮਹਾਰਾਸ਼ਟਰਾ) ਵਿਖੇ ਗੁਰਪੁਰੀ ਸਿਧਾਰ ਗਏ ।

**ਭਾਈ ਧਰਮ ਸਿੰਘ ਜੀ :** ਭਾਈ ਧਰਮ ਸਿੰਘ ਜੀ ਹਸਤਿਨਾਪੁਰ (ਜ਼ਿਲ੍ਹਾ ਮੇਰਠ-ਦਿੱਲੀ) ਦੇ ਰਹਿਣ ਵਾਲੇ ਸਨ । ਆਪ ਜੀ ਦਾ ਜਨਮ ਸੰਨ ੧੬੬੭ ਈਸਵੀ ਵਿੱਚ ਹੋਇਆ । ਆਪ ਜੀ ਦੇ ਪਿਤਾ ਦਾ ਨਾਂ ਭਾਈ ਸੰਤ ਰਾਮ ਜੀ ਅਤੇ ਮਾਤਾ ਜੱਸੀ ਜੀ ਸਨ । ੧੧ ਸਾਲ ਦੀ ਉਮਰ ਵਿੱਚ ਹੀ ਦਸ਼ਮੇਸ਼ ਪਿਤਾ ਦੀ ਸੇਵਾ ਵਿੱਚ ਆ ਹਾਜ਼ਿਰ ਹੋਏ । ਸਾਰੇ ਜੰਗਾਂ-ਯੁੱਧਾਂ ਵਿੱਚ ਵੱਧ ਚੜ੍ਹ ਕੇ ਹਿਸਾ ਲੈਂਦੇ ਰਹੇ ।

**ਭਾਈ ਹਿੰਮਤ ਸਿੰਘ ਜੀ :** ਆਪ ਜੀ ਦਾ ਜਨਮ ਸੰਨ ੧੬੬੧ ਈਸਵੀ ਵਿੱਚ ਹੋਇਆ ਸੀ । ਆਪ ਜੀ ਦੇ ਪਿਤਾ ਭਾਈ ਛੱਜੂ ਜੀ ਅਤੇ ਮਾਤਾ ਰਾਮੋ ਜੀ ਸਨ । ਭਾਈ ਛੱਜੂ ਜੀ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਵੱਲੋਂ ਜਗਨਨਾਥ ਪੁਰੀ ਦੇ ਮੁਖੀ ਪ੍ਰਚਾਰਕ ਥਾਪੇ ਹੋਏ ਸਨ । ਭਾਈ ਹਿੰਮਤ ਸਿੰਘ ਜੀ ੧੨ ਸਾਲ ਦੀ ਉਮਰ ਵਿੱਚ ਹੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸੇਵਾ ਵਿੱਚ ਆ ਹਾਜ਼ਿਰ ਹੋਏ ਸਨ । ਆਪ ਜੀ ਨੇ ਵੀ ਸਾਰੇ ਜੰਗਾਂ-ਯੁੱਧਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ । ਆਪ ਜੀ ਨੇ ਚਮਕੌਰ ਦੀ ਜੰਗ ਵਿੱਚ ੨੨ ਦਸੰਬਰ ਸੰਨ ੧੭੦੫ ਈਸਵੀ ਨੂੰ ਸ਼ਹੀਦੀ ਪ੍ਰਾਪਤ ਕੀਤੀ ।

**ਭਾਈ ਮੋਹਕਮ ਸਿੰਘ ਜੀ :** ਭਾਈ ਮੋਹਕਮ ਸਿੰਘ ਜੀ ਦੁਆਰਕਾ ਦੇ ਮੁਖੀ ਪ੍ਰਚਾਰਕ ਸਨ । ਆਪ ਜੀ ਦਾ ਜਨਮ ਸੰਨ ੧੬੬੮ ਈਸਵੀ ਨੂੰ ਹੋਇਆ । ੧੬ ਸਾਲ ਦੀ ਉਮਰ ਵਿੱਚ ਹੀ ਗੁਰੂ ਕਲਗ਼ੀਧਰ ਪਾਤਸ਼ਾਹ ਜੀ ਦੀ ਸੇਵਾ ਵਿੱਚ ਆ ਹਾਜ਼ਰ ਹੋਏ । ਸਾਰੀਆਂ ਜੰਗਾਂ-ਯੁੱਧਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ । ਆਪ ਜੀ ਨੇ ਵੀ ਚਮਕੌਰ ਦੀ ਜੰਗ ਵਿੱਚ ੨੨ ਦਸੰਬਰ ਸੰਨ ੧੭੦੫ ਈਸਵੀ ਨੂੰ ਸ਼ਹੀਦੀ ਪ੍ਰਾਪਤ ਕੀਤੀ ।

**ਭਾਈ ਸਾਹਿਬ ਸਿੰਘ ਜੀ :** ਭਾਈ ਸਾਹਿਬ ਸਿੰਘ ਜੀ ਬਿਦਰ (ਕਰਨਾਟਕਾ) ਦੇ ਮੁਖੀ ਪ੍ਰਚਾਰਕ ਸਨ । ਆਪ ਜੀ ਦਾ ਜਨਮ ਸੰਨ ੧੬੬੫ ਈਸਵੀ ਨੂੰ ਹੋਇਆ । ਆਪ ਜੀ ਦੇ ਪਿਤਾ ਜੀ ਭਾਈ ਤੁਲਸੀ ਜੀ ਅਤੇ ਮਾਤਾ ਬਿਸ਼ਨ ਦੇਈ ਜੀ ਸਨ । ਆਪ ਜੀ ਵੀ ੧੬ ਸਾਲ ਦੀ ਉਮਰ ਵਿੱਚ ਹੀ ਗੁਰੂ ਕਲਗ਼ੀਧਰ ਪਾਤਸ਼ਾਹ ਜੀ ਦੀ ਸੇਵਾ ਵਿੱਚ ਆ ਹਾਜ਼ਿਰ ਹੋਏ । ਭੰਗਾਣੀ ਦੀ ਜੰਗ ਵਿੱਚ ਆਪ ਜੀ ਨੇ ਬਹੁਤ ਬੀਰਤਾ ਵਿਖਾਈ । ਹੋਰ ਸਾਰੀਆਂ ਜੰਗਾਂ-ਯੁੱਧਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ । ਆਪ ਜੀ ਨੇ ਵੀ ਚਮਕੌਰ ਦੀ ਜੰਗ ਵਿੱਚ ੨੨ ਦਸੰਬਰ ਸੰਨ ੧੭੦੫ ਈਸਵੀ ਨੂੰ ਸ਼ਹੀਦੀ ਪ੍ਰਾਪਤ ਕੀਤੀ ।

**********

# ਸਾਕਾ ਨਨਕਾਣਾ ਸਾਹਿਬ

੨੦ ਫਰਵਰੀ ਸੰਨ ੧੯੨੧ ਈ. ਵਿੱਚ ਸਾਕਾ ਨਨਕਾਣਾ ਸਾਹਿਬ ਦੀ ਹਿਰਦੇ-ਵੇਧਕ ਘਟਨਾ ਵਾਪਰੀ । ਨਨਕਾਣਾ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ ਅਸਥਾਨ ਹੈ । ਇਸ ਪਾਵਨ ਅਸਥਾਨ ਤੇ ਬਣੇ ਹੋਏ ਗੁਰਦੁਆਰਾ ਸਾਹਿਬ ਤੇ ਇਸ ਸਮੇਂ ਮਹੰਤ ਨਰਾਇਣ ਦਾਸ ਦਾ ਕਬਜ਼ਾ ਸੀ, ਜਿਸ ਨੂੰ ਅੰਗਰੇਜ਼ਾਂ ਦੀ ਸ਼ਹਿ ਸੀ । ਇਹ ਮਹੰਤ ਬਹੁਤ ਦੁਰਾਚਾਰੀ ਤੇ ਵਿਭਚਾਰੀ ਸੀ । ਇਸ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਗੁੰਡੇ ਪਾਲੇ ਹੋਏ ਸਨ, ਜੋ ਸ਼ਰਾਬਾਂ ਪੀਂਦੇ ਸਨ ਤੇ ਵਿਭਚਾਰ ਕਰਦੇ ਸਨ ।

ਸਿੱਖ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਲਿਆਉਣਾ ਚਾਹੁੰਦੇ ਸਨ । ਉਹਨਾਂ ਨੇ ਮਹੰਤ ਨੂੰ ਕਿਹਾ ਕਿ ਉਹ ਪੈਨਸ਼ਨ ਲੈ ਕੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰ ਦੇਵੇ, ਪਰ ਉਹ ਨਾ ਮੰਨਿਆ ਤੇ ਉਸ ਨੇ ਸਗੋਂ ਗੁੱਸੇ ਨਾਲ ਭਰ ਕੇ ਸਿੱਖਾਂ ਦਾ ਮੁਕਾਬਲਾ ਕਰਨ ਦੀ ਠਾਣ ਲਈ । ਇਸ ਕੰਮ ਲਈ ਉਸ ਨੇ ਬਹੁਤ ਸਾਰੇ ਹਥਿਆਰ ਇਕੱਠੇ ਕਰ ਲਏ ਅਤੇ ੪੦੦ ਗੁੰਡੇ ਭਾੜੇ ਤੇ ਰੱਖ ਲਏ । ਗੁਰਦੁਆਰਾ ਸਾਹਿਬ ਉੱਤੇ ਪੰਥ ਦਾ ਕਬਜ਼ਾ ਕਰਾਉਣ ਲਈ ਭਾਈ ਲੱਛਮਣ ਸਿੰਘ ਜੀ ਧਾਰੋਵਾਲੀ ੨੦ ਫਰਵਰੀ ਸੰਨ ੧੯੨੧ ਈਸਵੀ ਨੂੰ ਕਰੀਬਨ ੧੫੦ ਸਿੰਘਾਂ ਦਾ ਜੱਥਾ ਲੈ ਕੇ ਨਨਕਾਣਾ ਸਾਹਿਬ ਪੁੱਜੇ । ਗੁਰਦੁਆਰਾ ਸਾਹਿਬ ਦੇ ਅੰਦਰ ਜਾਣ ਤੋਂ ਪਹਿਲਾਂ ਸਾਰਿਆਂ ਨੇ ਸ਼ਾਂਤ-ਮਈ ਰਹਿੰਦਿਆਂ ਹੋਇਆਂ, ਹਥਿਆਰ ਨਾ ਚੁੱਕਣ ਦਾ ਪ੍ਰਣ ਲਿਆ । ਉਹਨਾਂ ਸਾਰਿਆਂ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਆਸਾ ਕੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ ਤੇ ਬਾਕੀ ਸਿੰਘ ਕੀਰਤਨ ਵਿੱਚ ਜੁੜ ਗਏ । ਇਹਨਾਂ ਸਿੰਘਾਂ ਦੇ ਜੱਥੇ ਨੂੰ ਹਾਲੇ ਕੀਰਤਨ ਕਰਦੇ ਹੋਏ ਥੋੜੀ ਦੇਰ ਹੀ ਹੋਈ ਸੀ ਕਿ ਮਹੰਤ ਨਰਾਇਣ ਦਾਸ ਦੇ ਗੁੰਡਿਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ । ਜਿਹੜੇ ਸਿੰਘ ਦੀਵਾਨ ਅਸਥਾਨ ਦੇ ਹਾਲ ਤੋਂ ਬਾਹਰ ਸਨ, ਉਹ ਸ਼ਹੀਦ ਹੋ ਗਏ ਅਤੇ ਕੁਝ ਦੀਵਾਨ ਅਸਥਾਨ ਦੇ ਅੰਦਰ ਬੈਠੇ ਸਿੰਘ ਵੀ ਫੱਟੜ ਹੋ ਗਏ । ਫਿਰ ਮਹੰਤ ਨਰਾਇਣ ਦਾਸ ਅਤੇ ਉਸ ਦੇ ਗੁੰਡਿਆਂ ਨੇ ਕੀਰਤਨ ਵਿੱਚ ਜੁੜੇ ਹੋਏ ਸਿੰਘਾਂ ਨੂੰ ਤਲਵਾਰਾਂ, ਬਰਛਿਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਸਾਰੇ ਸਿੰਘ ਜ਼ਖ਼ਮੀ ਜਾਂ ਸ਼ਹੀਦ ਕਰ ਦਿੱਤੇ ਗਏ । ਥੋੜ੍ਹੀ ਦੇਰ ਬਾਅਦ ਉਹਨਾਂ ਨੇ ਫੱਟੜ ਤੇ ਸ਼ਹੀਦ ਸਿੰਘਾਂ ਨੂੰ ਇਕੱਠਾ ਕੀਤਾ ਅਤੇ ਲੋਥਾਂ ਦੇ ੪-੫ ਢੇਰ ਬਣਾ ਕੇ ਉਹਨਾਂ ਸਿੰਘਾਂ ਨੂੰ ਤੇਲ ਪਾ ਕੇ ਸਾੜ ਦਿੱਤਾ ਅਤੇ ਦੋ ਸਿੰਘਾਂ ਨੂੰ ਜਿਉਂਦਿਆਂ ਹੀ ਜੰਡ ਦੇ ਦਰੱਖਤ ਨਾਲ ਬੰਨ੍ਹ ਕੇ ਸਾੜ ਦਿੱਤਾ । ਇਹ ਜੰਡ ਦਾ ਦਰੱਖਤ ਇਸ ਦਰਦਨਾਕ ਸਾਕੇ ਦੀ ਯਾਦਗਾਰ ਵੱਜੋਂ ਅੱਜ ਵੀ ਨਨਕਾਣਾ ਸਾਹਿਬ ਵਿਖੇ ਮੌਜੂਦ ਹੈ ।

ਮਹੰਤ ਨੇ ਸਾਰੇ ਸਿੰਘ ਸ਼ਹੀਦ ਕਰ ਦਿੱਤੇ ਤੇ ਆਪ ਭੱਜ ਗਿਆ । ਜਦੋਂ ਇਸ ਸਾਕੇ ਦੀ ਖ਼ਬਰ ਸਿੱਖਾਂ ਨੂੰ ਮਿਲੀ ਤਾਂ ਗੁਰਦੁਆਰਾ ਖਰਾ ਸੌਦਾ ਤੋਂ ੮੦ ਸਿੰਘਾਂ ਦਾ ਜੱਥਾ ਸ੍ਰ: ਕਰਤਾਰ ਸਿੰਘ ਝੱਬਰ ਦੀ ਕਮਾਨ ਹੇਠ ਨਨਕਾਣਾ ਸਾਹਿਬ ਵਲ ਤੁਰ ਪਿਆ । ਚਲਣ ਤੋਂ ਪਹਿਲਾਂ ਉਹਨਾਂ ਨੇ ਅਰਦਾਸਾ ਸੋਧਿਆ ਕਿ ਅਸੀਂ ਨਨਕਾਣਾ ਸਾਹਿਬ ਤੇ ਕਬਜ਼ਾ ਕਰਨਾ ਹੈ ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਣਾ ਪਵੇ ।

ਨਨਕਾਣਾ ਸਾਹਿਬ ਪੁੱਜਣ ਤੱਕ ਇਸ ਜੱਥੇ ਵਿੱਚ ਕਾਫ਼ੀ ਸਿੰਘ ਅਤੇ ਸਿੰਘਣੀਆਂ ਹੋਰ ਵੀ ਸ਼ਾਮਲ ਹੋ ਗਏ ਸਨ । ਨਨਕਾਣਾ ਸਾਹਿਬ ਤੋਂ ਦੋ ਮੀਲ ਪਹਿਲਾਂ ਹੀ ਝੱਬਰ ਜੀ ਨੇ ਸਾਰੇ ਇਕੱਠੇ ਹੋਏ ਸਿੰਘਾਂ ਤੇ ਸਿੰਘਣੀਆਂ ਨੂੰ ਵੰਗਾਰ ਪਾ ਕੇ ਕਿਹਾ ਕਿ ਜੋ ਸਿੰਘ ਸ਼ਹੀਦ ਹੋਣ ਲਈ ਤਿਆਰ ਹਨ, ਉਹ ਅੱਗੇ ਆ ਜਾਣ ਤੇ ਬਾਕੀ ਇੱਥੇ ਪਿੱਛੇ ਹੀ ਰੁਕ ਜਾਣ । ਇਸ ਤਰ੍ਹਾਂ ੨੨੦੦ ਸਿੰਘ-ਸਿੰਘਣੀਆਂ ਦਾ ਜੱਥਾ ਸ੍ਰ: ਕਰਤਾਰ ਸਿੰਘ ਜੀ ਝੱਬਰ ਦੀ ਅਗਵਾਈ ਹੇਠ ਨਨਕਾਣਾ ਸਾਹਿਬ ਵੱਲ ਤੁਰ ਪਿਆ ।

ਇਹ ਜੱਥਾ ਨਨਕਾਣਾ ਸਾਹਿਬ ਤੋਂ ਹਾਲੇ ਥੋੜੀ ਦੂਰੀ ਤੇ ਹੀ ਸੀ ਕਿ ਅੱਗੋਂ ਅੰਗਰੇਜ਼ ਕਮਿਸ਼ਨਰ ਨੇ ਰਸਤਾ ਰੋਕ ਕੇ ਕਿਹਾ :

ਅੰਗਰੇਜ਼ ਕਮਿਸ਼ਨਰ : ਸ੍ਰ: ਕਰਤਾਰ ਸਿੰਘ ਝੱਬਰ ਜੀ ! ਜੱਥੇ ਨੂੰ ਰੋਕ ਲਓ ! ਅੱਗੇ ਗੋਰਾ ਫ਼ੌਜ ਨੇ ਬੰਦੂਕਾਂ ਬੀੜੀਆਂ

ਹੋਈਆਂ ਹਨ ।

ਸ੍ਰ: ਕਰਤਾਰ ਸਿੰਘ ਝੱਬਰ : ਕਮਿਸ਼ਨਰ ਸਾਹਿਬ ! ਜੱਥਾ ਕਿਸੇ ਕੀਮਤ ਤੇ ਨਹੀਂ ਰੁਕੇਗਾ ।

ਅੰਗਰੇਜ਼ ਕਮਿਸ਼ਨਰ : ਝੱਬਰ ਜੀ ! ਰੁਕ ਜਾਓ, ਵਰਨਾ ਗੋਲੀ ਚਲ ਜਾਏਗੀ ਔਰ ਲੋਗ ਮਾਰੇ ਜਾਏਂਗੇ ।

ਤੁਹਾਨੂੰ ਕਲ੍ਹ ਗੁਰਦੁਆਰਾ ਸਾਹਿਬ ਦੀ ਚਾਬੀ ਦੇ ਦਿੱਤੀ ਜਾਵੇਗੀ ।

ਸ੍ਰ: ਕਰਤਾਰ ਸਿੰਘ ਝੱਬਰ : (ਪੂਰੇ ਜਾਹੋ-ਜਲਾਲ ਵਿੱਚ ਜੁਆਬ ਦਿੰਦਿਆਂ ਹੋਇਆਂ) ਅਸੀਂ ਅੱਜ ਹੀ ਤੇ ਹੁਣੇ ਹੀ ਚਾਬੀ ਲੈਣੀ ਹੈ । ਤੁਮ ਗੋਰਾ ਫ਼ੌਜ ਸੇ ਗੋਲੀਆਂ ਚਲਵਾ ਕੇ ਦੇਖੋ ਔਰ ਇੱਧਰ ਮੇਰੇ ਜਵਾਨੋਂ ਕੇ ਹਾਥ ਦੇਖੋ ।

ਸ੍ਰ: ਕਰਤਾਰ ਸਿੰਘ ਝੱਬਰ : ਜੇਕਰ ਤੁਸੀਂ ਹੁਣੇ ਹੀ ਚਾਬੀ ਨਾ ਦਿੱਤੀ ਤਾਂ ਅਸੀਂ ਤੁਹਾਡਾ ਮੁਕਾਬਲਾ ਕਰ ਕੇ ਹੁਣੇ ਹੀ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰ ਲੈਣਾ ਹੈ ।

ਸਿੰਘਾਂ ਦਾ ਜੋਸ਼ ਦੇਖ ਕੇ ਅੰਗਰੇਜ਼ ਘਬਰਾ ਗਏ ਤੇ ਉਹਨਾਂ ਨੇ ਉਸੇ ਵਕਤ ਸ੍ਰ: ਕਰਤਾਰ ਸਿੰਘ ਜੀ ਝੱਬਰ ਨੂੰ ਚਾਬੀ ਦੇ ਦਿੱਤੀ । ਇਸ ਤਰ੍ਹਾਂ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼ਹੀਦੀਆਂ ਦੇ ਕੇ ਪਤਵੰਤੇ ਸਿੱਖ ਸੱਜਣਾਂ ਦੇ ਹੱਥਾਂ ਵਿੱਚ ਆ ਗਿਆ । ਇਸ ਸਾਕੇ ਰਾਹੀਂ ਸਿੱਖਾਂ ਨੇ ਸਾਰੀ ਦੁਨੀਆਂ ਤੇ ਪ੍ਰਗਟ ਕਰ ਦਿੱਤਾ ਕਿ ਸਿੱਖ ਗੁਰਦੁਆਰਿਆਂ ਦੀ ਆਜ਼ਾਦੀ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇ ਸਕਦੇ ਹਨ ਅਤੇ ਪੁਰਾਤਨ ਸਿੱਖਾਂ ਦੀਆਂ ਸ਼ਹੀਦੀਆਂ ਕੋਈ ਮਨੋ-ਕਲਪਤ ਕਹਾਣੀਆਂ ਨਹੀਂ । ਇਸ ਸਾਕੇ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਹੋਰ ਤੇਜ਼ ਕਰ ਦਿੱਤਾ ਤੇ ਹੌਲੀ-ਹੌਲੀ ਥੋੜੇ ਸਮੇਂ ਦੇ ਵਿੱਚ ਹੀ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਬਦਚਲਨ ਤੇ ਖੋਟੇ ਮਹੰਤ ਪ੍ਰਬੰਧਕਾਂ ਦੇ ਹੱਥੋਂ ਨਿਕਲ ਕੇ ਪੰਥਕ ਹੱਥਾਂ ਦੇ ਵਿੱਚ ਆ ਗਿਆ ।

**********

# ਬਾਬਾ ਦੀਪ ਸਿੰਘ ਜੀ

ਬਾਬਾ ਦੀਪ ਸਿੰਘ ਜੀ ਸ਼ਹੀਦ, ਪਿੰਡ ਪਹੂਵਿੰਡ, ਜ਼ਿਲ੍ਹਾ ਅੰਮ੍ਰਿਤਸਰ ਦੇ ਭਾਈ ਭਗਤਾ ਜੀ ਤੇ ਮਾਤਾ ਜੀਊਣੀ ਜੀ ਦੇ ਘਰ ਜਨਮੇ ਸਨ । ਆਪ ਜੀ ਦਾ ਜਨਮ ੨੭ ਜਨਵਰੀ ਸੰਨ ੧੬੮੨ ਈਸਵੀ ਨੂੰ ਹੋਇਆ ਤੇ ਆਪ ਜੀ ਦਾ ਨਾਮ ਦੀਪਾ ਰਖਿਆ ਗਿਆ । ਆਪ ਜੀ ਚੰਗੇ ਡੀਲ-ਡੌਲ ਵਾਲੇ ਉੱਚੇ-ਲੰਮੇ ਤੇ ਦਲੇਰ ਸਨ ।

ਸੰਨ ੧੬੯੯ ਈ. ਦੀ ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸੇ ਦੀ ਸਿਰਜਨਾ ਕੀਤੀ । ਪੰਜ ਪਿਆਰੇ ਸਜਾਉਣ ਦੀ ਵਾਰਤਾ ਸਾਰੇ ਪੰਜਾਬ ਦੇ ਪਿੰਡ-ਪਿੰਡ ਵਿੱਚ ਫ਼ੈਲ ਗਈ । ਅਗਲੀ ਵਿਸਾਖੀ ਤੇ ਅਨੰਦਪੁਰ ਸਾਹਿਬ ਵਿਖੇ ਪੰਜਾਬ ਦੇ ਪਿੰਡਾਂ ਵਿੱਚੋਂ ਭਾਰੀ ਗਿਣਤੀ ਵਿੱਚ ਸ਼ਰਧਾਲੂ ਸਿੱਖ ਪੁੱਜੇ । ੧੮ ਸਾਲਾਂ ਦਾ ਗੱਭਰੂ ਦੀਪਾ ਵੀ ਆਪਣੇ ਮਾਤਾ-ਪਿਤਾ ਨਾਲ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਚਾਈਂ-ਚਾਈਂ ਆਇਆ ਤੇ ਅੰਮ੍ਰਿਤ ਛੱਕ ਕੇ ਸਿੰਘ ਸਜਿਆ ਤੇ ਉਸਦਾ ਨਾਮ "ਦੀਪ ਸਿੰਘ" ਰਖਿਆ ਗਿਆ ।

ਅਨੰਦਪੁਰ ਸਾਹਿਬ ਵਿੱਚ ਸ਼ਸਤਰਧਾਰੀ ਸਿੰਘਾਂ ਦੇ ਬਹਾਦਰੀ ਦੇ ਕਰਤੱਬ ਵੇਖ-ਵੇਖ ਕੇ ਦੀਪ ਸਿੰਘ ਦਾ ਮਨ ਇਤਨਾ ਪ੍ਰਭਾਵਿਤ ਹੋਇਆ ਕਿ ਮਾਤਾ-ਪਿਤਾ ਤੋਂ ਆਗਿਆ ਲੈ ਕੇ ਅਤੇ ਗੁਰੂ ਮਹਾਰਾਜ ਜੀ ਦੇ ਹੁਕਮ ਨੂੰ ਮੰਨ ਕੇ ਕੁਝ ਸਮੇਂ ਲਈ ਅਨੰਦਪੁਰ ਸਾਹਿਬ ਵਿੱਚ ਰਹਿ ਪਿਆ । ਆਪ ਜੀ ਨੇ ਗੁਰਮੁੱਖੀ ਅੱਖਰ ਗਿਆਨ ਅਤੇ ਗੁਰਬਾਣੀ ਦੀ ਸਿੱਖਿਆ ਭਾਈ ਮਨੀ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ ਤੇ ਬਾਣੀ ਕੰਠ ਕਰਨ ਲੱਗੇ । ਬਾਬਾ ਜੀ ਨੇ ਘੋੜ-ਸਵਾਰੀ ਤੇ ਸ਼ਸਤਰ ਵਿਦਿਆ ਵਿੱਚ ਬਹੁਤ ਨਿਪੁੰਨਤਾ ਹਾਸਿਲ ਕੀਤੀ । ਸਤਿਗੁਰਾਂ ਨਾਲ ਸ਼ਿਕਾਰ ਖੇਡਦਿਆਂ ਆਪ ਜੀ ਨੂੰ ਸ਼ੇਰ ਮਾਰਨ ਦਾ ਮੌਕਾ ਵੀ ਪ੍ਰਾਪਤ ਹੋਇਆ । ੨੦-੨੨ ਸਾਲਾਂ ਦੀ ਉਮਰ ਵਿੱਚ ਹੀ ਬਾਬਾ ਦੀਪ ਸਿੰਘ ਜੀ ਸਿਆਣੇ ਵਿਦਵਾਨ ਤੇ ਸੂਰਬੀਰ ਸੈਨਿਕ ਬਣ ਗਏ ।

ਮਾਤਾ-ਪਿਤਾ ਦੇ ਬੇਨਤੀ ਕਰਨ ਤੇ ਗੁਰੂ ਸਾਹਿਬ ਜੀ ਦੀ ਆਗਿਆ ਨਾਲ ਆਪ ਜੀ ਵਿਆਹ ਵਾਸਤੇ ਆਪਣੇ ਘਰ ਵਾਪਸ ਪਰਤ ਗਏ । ਹਾਲਾਂ ਵਿਆਹ ਹੋਣਾ ਹੀ ਸੀ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਨੰਦਪੁਰ ਸਾਹਿਬ ਛੱਡਣ ਦੀ ਖ਼ਬਰ ਮਿਲੀ । ਇਹ ਸੁਣਦਿਆਂ ਸਾਰ ਹੀ ਕਿ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ ਹਨ ਤੇ ਸਾਰਾ ਪਰਿਵਾਰ ਵਿਛੜ ਗਿਆ ਹੈ, ਆਪ ਗੁਰੂ ਸਾਹਿਬ ਜੀ ਦੀ ਭਾਲ ਕਰਦੇ-ਕਰਦੇ ਸਾਬੋ ਕੀ ਤਲਵੰਡੀ ਪੁੱਜੇ । ਗੁਰੂ ਸਾਹਿਬ ਜੀ ਨੂੰ ਮੱਥਾ ਟੇਕਣ ਉਪਰੰਤ ਇਤਨੇ ਬਿਖੜੇ ਸਮੇਂ ਵਿੱਚ ਆਪਣੀ ਗ਼ੈਰਹਾਜ਼ਰੀ ਦੀ ਖ਼ਿਮਾ ਮੰਗੀ । ਸਤਿਗੁਰੂ ਜੀ ਨੇ ਛਾਤੀ ਨਾਲ ਲਾਇਆ ਤੇ ਅਸੀਸਾਂ ਬਖ਼ਸ਼ੀਆਂ । ਇਸ ਥਾਂ ਤੇ ਆਪ ਗੁਰੂ ਸਾਹਿਬ ਜੀ ਦੀ ਆਗਿਆ ਅਨੁਸਾਰ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ । ਆਪ ਜੀ ਗੁਰਬਾਣੀ ਆਪੂੰ ਲਿਖਦੇ, ਹੋਰਾਂ ਤੋਂ ਲਿਖਵਾਉਂਦੇ, ਗੁਰਬਾਣੀ ਦਾ ਪਾਠ ਅਭਿਆਸ, ਅਰਥ ਬੋਧ ਆਦਿਕ ਕਰਵਾਉਂਦੇ । ਸ਼ਸਤਰ ਵਿਦਿਆ ਸਿਖਾਉਣ ਦੀ ਸੇਵਾ ਵੀ ਕਰਦੇ । ਸਿੱਖੀ ਪ੍ਰਚਾਰਕ ਤਿਆਰ ਕਰਕੇ ਵੱਖ-ਵੱਖ ਪਿੰਡਾਂ ਵਿੱਚ ਭੇਜਦੇ ਅਤੇ ਆਪ ਵੀ ਪ੍ਰਚਾਰ ਲਈ ਕਈ ਥਾਵਾਂ ਤੇ ਜਾਂਦੇ । ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਕਤੂਬਰ ਸੰਨ ੧੭੦੬ ਈਸਵੀ ਨੂੰ ਦੱਖਣੀ ਭਾਰਤ ਵੱਲ ਜਾਣ ਲਈ ਤਿਆਰੀ ਕੀਤੀ ਤਾਂ ਆਪ ਜੀ ਨੂੰ ਦਮਦਮਾ ਸਾਹਿਬ ਟਕਸਾਲ ਦਾ ਮੁੱਖੀ ਥਾਪਿਆ ਗਿਆ ।

ਸੰਨ ੧੭੦੯ ਈਸਵੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਜਦੋਂ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਆਏ ਤਾਂ ਬਾਬਾ ਦੀਪ ਸਿੰਘ ਜੀ, ਸਿੰਘਾਂ ਦਾ ਇੱਕ ਭਾਰੀ ਜੱਥਾ ਲੈ ਕੇ ਉਹਨਾਂ ਨੂੰ ਜਾ ਮਿਲੇ ਅਤੇ ਸਰਹੰਦ ਤੇ ਸਢੌਰਾ ਆਦਿ ਫ਼ਤਿਹ ਕਰਨ ਵੇਲੇ ਵੱਧ-ਚੜ੍ਹ ਕੇ ਖੰਡਾ ਖੜਕਾਇਆ । ਸੰਨ ੧੭੪੬ ਈਸਵੀ ਵਿੱਚ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਪੰਜਾਬ ਦੇ ਗਵਰਨਰ ਯਹੀਆ ਖ਼ਾਂ ਦੇ ਹਿੰਦੂ ਦੀਵਾਨ (ਵਜ਼ੀਰ) ਲਖਪਤ ਰਾਇ ਨੇ ਕਾਹਨੂੰਵਾਨ ਦੇ ਜੰਗਲ ਵਿੱਚ ਇਕੱਠੇ ਹੋਏ ਸਿੰਘਾਂ ਨੂੰ ਸ਼ਾਹੀ ਫ਼ੌਜਾਂ ਤੇ ਮੁਲਖ਼ਈਏ ਦੁਆਰਾ ਘੇਰ ਲਿਆ । ਇਹਨਾਂ ਘਿਰੇ ਹੋਏ ਸਿੰਘਾਂ ਵਿੱਚ ਬਾਬਾ ਦੀਪ ਸਿੰਘ ਜੀ ਵੀ ਆਪਣੇ ਜੱਥੇ ਸਮੇਤ ਹਾਜ਼ਰ ਸਨ । ਇਸ ਸਾਕੇ ਨੂੰ ਸਿੰਘ ਛੋਟੇ ਘੱਲੂਘਾਰੇ ਦੇ ਨਾਂ ਨਾਲ ਯਾਦ ਕਰਦੇ ਹਨ । ਬਾਬਾ ਦੀਪ ਸਿੰਘ ਜੀ ਨੇ ਜੱਥੇ ਦੇ ਬਚੇ ਹੋਏ ਸਿੰਘਾਂ ਨਾਲ ਬਾਹਰ ਨਿਕਲ ਕੇ ਬਿਆਸ ਦਰਿਆ ਦੇ ਕੰਢੇ ਵੈਰੀ ਨਾਲ ਟੱਕਰ ਲਈ । ਢਿੱਡੋਂ ਭੁੱਖੇ, ਸਰੀਰਾਂ ਤੇ ਜ਼ਖਮ, ਉੱਤੋਂ ਸੂਰਜ ਦੀ ਗਰਮੀ ਤੇ ਥੱਲੇ ਤੱਪਦੀ ਹੋਈ ਧਰਤੀ, ਪੈਰੀਂ ਛਾਲੇ, ਇਹ

ਸੱਭ ਕਸ਼ਟ ਸਹਿੰਦੇ ਹੋਏ ਵੀ ਬਾਬਾ ਜੀ ਕੁਝ ਸਿੰਘਾਂ ਸਮੇਤ ਵਾਪਸ ਮਾਲਵੇ ਦੇ ਇਲਾਕੇ ਵਿੱਚ ਪੁੱਜ ਗਏ । ਮਗਰੋਂ ਜਦੋਂ ਸਾਰੇ ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਬਣਾਈਆਂ ਗਈਆਂ ਤਾਂ ਬਾਬਾ ਦੀਪ ਸਿੰਘ ਜੀ ਮਿਸਲ ਸ਼ਹੀਦਾਂ ਦੇ ਜੱਥੇਦਾਰ ਬਣੇ । ਇਸ ਮਿਸਲ ਦੇ ਸਿੰਘਾਂ ਵਿੱਚ ਕਈ ਸਿੰਘ ਲਿਖਾਰੀ, ਕੀਰਤਨੀਏ

ਤੇ ਵਿਦਵਾਨ ਵੀ ਸਨ ।

ਸੰਨ ੧੭੫੬ ਈਸਵੀ ਵਿੱਚ ਅਹਿਮਦਸ਼ਾਹ ਅਬਦਾਲੀ ਹਜ਼ਾਰਾਂ ਹਿੰਦੂ ਤੇ ਮੁਸਲਮਾਨ ਨੌਜੁਆਨ, ਵਿਆਹੀਆਂ ਤੇ ਕੁਆਰੀਆਂ ਇਸਤ੍ਰੀਆਂ ਨੂੰ ਗੱਡਿਆਂ ਤੇ ਲੱਦ ਕੇ, ਕੈਦੀ ਬਣਾ ਕੇ, ਆਪਣੇ ਦੇਸ਼-ਵਾਸੀਆਂ ਦੇ ਮਨ-ਪਰਚਾਵੇ ਲਈ ਗ਼ੁਲਾਮ ਬਣਾ ਕੇ ਲਿਜਾ ਰਿਹਾ ਸੀ । ਖ਼ਾਲਸੇ ਨੇ ਅਬਦਾਲੀ ਪਾਸੋਂ ਦੇਸ਼ ਦੀ ਦੌਲਤ ਖੋਹਣੀ ਤੇ ਦੇਸ਼ ਦੀਆਂ ਬਹੂ-ਬੇਟੀਆਂ ਹਰ ਕੀਮਤ ਤੇ ਛੁਡਾਉਣ ਦਾ ਫ਼ੈਸਲਾ ਕਰ ਲਿਆ । ਬਾਬਾ ਦੀਪ ਸਿੰਘ ਜੀ ਦੇ ਜੱਥੇ ਦੀ ਸੇਵਾ ਕੁਰੁਕਸ਼ੇਤਰ ਪਾਸ ਲਗਾਈ ਗਈ । ਸਿੰਘ-ਸੂਰਮੇ ਟੁੱਟ ਕੇ ਦੁਰਾਨੀਆਂ ਤੇ ਜਾ ਪਏ, ਅਬਲਾ ਇਸਤ੍ਰੀਆਂ ਦੇ ਗੱਡੇ ਹੱਕ ਲਏ (ਸੰਭਾਲ ਕੇ ਤੋਰ ਲਏ) ਤੇ ਕੁਝ ਕੀਮਤੀ ਸਾਜ਼ੋ-ਸਾਮਾਨ ਦੇ ਲੱਦੇ ਪਸ਼ੂ ਵੀ ਹੱਕ ਲਏ । ਇਉਂ ਬਾਬਾ ਜੀ ਦੇ ਜੱਥੇ ਦੇ ਸਿੰਘਾਂ ਨੇ ਦੁਰਾਨੀ ਲੁਟੇਰੇ ਦਾ ਭਾਰ ਹੌਲਾ ਕੀਤਾ, ੩੦੦ ਦੇ ਕਰੀਬ ਭਾਰਤੀ ਸੁੰਦਰ ਬੀਬੀਆਂ ਤੇ ੧੦੦ ਕੁ ਸੁੰਦਰ ਭਾਰਤੀ ਲੜਕੇ ਦੁਰਾਨੀ ਦੀ ਕੈਦ ਵਿੱਚੋਂ ਛੁਡਾ ਲਏ । ਕੋਈ ਮਰਹੱਟਾ ਰਾਜਪੂਤ ਆਦਿਕ ਇਹਨਾਂ ਮਜ਼ਲੂਮਾਂ ਦੀ ਮਦਦ ਤੇ ਨਾ ਪੁੱਜਾ । ਗੁਰੂ ਦੇ ਸ਼ੇਰ ਸਿੰਘਾਂ ਨੇ ਇਹਨਾਂ ਮਜ਼ਲੂਮਾਂ ਨੂੰ ਛੁਡਾਇਆ ਹੀ ਨਹੀਂ ਸਗੋਂ ਆਪਣੇ ਕੋਲੋਂ ਖਰਚ ਕਰ ਕੇ, ਨਾਲ ਜਾ ਕੇ ਘਰੋ-ਘਰੀਂ ਪਹੁੰਚਾਉਣ ਦੀ ਸੇਵਾ ਵੀ ਕੀਤੀ । ਭਾਵੇਂ ਉਹ ਮੁਸਲਮਾਨ ਬੱਚੇ-ਬੱਚੀਆਂ ਸਨ ਤੇ ਭਾਵੇਂ ਹਿੰਦੂ, ਇਸ ਗੱਲ ਦਾ ਵਿਤਕਰਾ ਨਹੀਂ ਕੀਤਾ ਗਿਆ । ਸਿੱਖਾਂ ਦੇ ਉੱਚੇ-ਸੁੱਚੇ ਆਚਰਣ ਕਾਰਣ ਹੀ ਤਾਂ ਇਹ

ਗ਼ੁਲਾਮ ਬੱਚੀਆਂ ਪੁਕਾਰਿਆ ਕਰਦੀਆਂ ਸਨ :

**"ਮੋੜੀਂ ਬਾਬਾ ਕੱਛ ਵਾਲਿਆ ਛੱਈ, ਨਹੀਂ ਤਾਂ ਗਈ, ਰੰਨ ਗਈ, ਬਸਰੇ ਨੂੰ ਗਈ ।"**

ਵਾਪਸ ਜਾਂਦਾ ਹੋਇਆ ਅਬਦਾਲੀ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਬਣਾ ਗਿਆ ਤੇ ਜਹਾਨ ਖ਼ਾਂ ਨੂੰ ਸੈਨਾਪਤੀ । ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਅਤੇ ਸਿੰਘਾਂ ਦੇ ਸ਼ਹਿਰ ਅੰਮ੍ਰਿਤਸਰ ਤੇ ਪਵਿੱਤਰ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਨੂੰ ਢਾਹ-ਢੇਰੀ ਕਰਨ ਦਾ ਅਤੇ ਸਰੋਵਰ ਨੂੰ ਮਲਬੇ ਨਾਲ ਪੂਰਨ (ਢਲਿਲ-੫) ਦਾ ਹੁਕਮ ਦੇ ਗਿਆ । ਮਈ ਸੰਨ ੧੭੫੭ ਈਸਵੀ ਵਿੱਚ ਤੈਮੂਰ ਸ਼ਾਹ ਦੇ ਹੁਕਮ ਨਾਲ ਜਹਾਨ ਖ਼ਾਂ ਭਾਰੀ ਫ਼ੌਜ ਲੈ ਕੇ ਅੰਮ੍ਰਿਤਸਰ ਪੁੱਜਾ । ਉਸਨੇ ਆਲੇ-ਦੁਆਲੇ ਦੇ ਮਕਾਨ ਢਾਹ ਕੇ ਪਵਿੱਤਰ ਸਰੋਵਰ ਪੂਰ ਦਿੱਤਾ ਤੇ ਦਰਬਾਰ ਸਾਹਿਬ ਜੀ ਦੀ ਸ਼ਾਨਦਾਰ ਇਮਾਰਤ ਨੂੰ ਵੀ ਗਿਰਾ ਦਿੱਤਾ । ਇੱਕ ਸਿੱਖ ਨੇ ਇਸ ਘਟਨਾ ਦੀ ਖ਼ਬਰ ਦਮਦਮਾ ਸਾਹਿਬ ਬਾਬਾ ਦੀਪ ਸਿੰਘ ਜੀ ਨੂੰ ਜਾ ਸੁਣਾਈ ।

ਇਹ ਖ਼ਬਰ ਸੁਣਦਿਆਂ ਹੀ ਬਾਬਾ ਜੀ ਦੇ ਮਨ ਨੂੰ ਤੀਰ ਜਿਹਾ ਵੱਜਾ । ਆਪ ਜੀ ਨੇ ਇਸ ਬੇਅਦਬੀ ਨੂੰ ਹਰ ਕੀਮਤ ਤੇ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ । ਆਪ ਜੀ ਨੇ ਅਰਦਾਸਾ ਸੋਧਿਆ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਤੁਰ ਪਏ । ਪੰਜ ਸੌ ਸਿੰਘਾਂ ਦਾ ਜੱਥਾ ਉਹਨਾਂ ਦੇ ਨਾਲ ਜਾਣ ਲਈ ਤਿਆਰ ਹੋਇਆ । ਰਾਹ ਵਿੱਚ ਹੋਰ ਵੀ ਬਹੁਤ ਸਾਰੇ ਸਿੰਘ ਆਪ ਜੀ ਦੇ ਨਾਲ ਰਲਦੇ ਗਏ । ਤਰਨ-ਤਾਰਨ ਸਾਹਿਬ ਪਹੁੰਚਣ ਤੱਕ ਉਹਨਾਂ ਦੇ ਨਾਲ ਕਰੀਬਨ ਪੰਜ ਹਜ਼ਾਰ ਸਿੰਘਾਂ ਦਾ ਜੱਥਾ ਬਣ ਗਿਆ । ਜੰਗ ਦੀ ਤਿਆਰੀ ਸਮੇਂ ਬਾਬਾ ਜੀ ਦੀ ਉਮਰ ੭੫ ਸਾਲ ਦੀ ਸੀ । ਇੰਨੀ ਬਿਰਧ ਅਵਸਥਾ ਵਿੱਚ ਵੀ ਆਪ ਜੀ ੧੮ ਸੇਰੀ (ਲਗਪਗ ੧੭ ਕਿਲੋ) ਲੋਹੇ ਦਾ ਖੰਡਾ ਹੱਥ ਫ਼ੜ ਕੇ ਮੈਦਾਨੇ ਜੰਗ ਵਿੱਚ ਜੁਝੇ । ਇਹ ਖੰਡਾ ਅਕਾਲ ਤਖ਼ਤ ਸਾਹਿਬ ਵਿਖੇ ਹਾਲੇ ਵੀ ਪਿਆ ਹੈ । ਦੁਨੀਆ ਦੇ ਇਤਿਹਾਸ ਵਿੱਚ ਇਤਨੇ ਬਜ਼ੁਰਗ ਜਰਨੈਲ ਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ । ਉੱਧਰੋਂ ਲਾਹੌਰ ਦੇ ਸੂਬੇ ਨੂੰ ਵੀ ਖ਼ਬਰ ਲੱਗ ਗਈ ਕਿ ਸਿੱਖ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ । ਹਾਜੀ ਅਤਾਈ ਖ਼ਾਂ ਗਸ਼ਤੀ ਫ਼ੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲਾ ਰਿਹਾ ਸੀ । ਉਸ ਨੂੰ ਹੁਕਮ ਹੋਇਆ ਕਿ ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾ ਦਿਉ । ਉੱਧਰੋਂ ਸੂਬੇ ਨੇ ਲਾਹੌਰ ਵਿੱਚ ਢੋਲ ਵਜਵਾ ਕੇ ਜਹਾਦ ਦਾ ਐਲਾਨ ਕੀਤਾ ਅਤੇ ਸਾਰੇ ਮੋਮਨਾਂ ਨੂੰ ਨਿਤਰਨ ਲਈ ਵੰਗਾਰਿਆ ।

ਲਾਹੌਰ ਦਾ ਫ਼ੌਜਦਾਰ ਜਹਾਨ ਖ਼ਾਂ, ਭਾਰੀ ਫ਼ੌਜ ਲੈ ਕੇ ਅੰਮ੍ਰਿਤਸਰ ਵੱਲ ਵਧਿਆ । ਦੋਹਾਂ ਦਲਾਂ ਦਾ ਘੋਲੁਵੜ ਲਾਗੇ ਟਾਕਰਾ ਹੋਇਆ । ਸਿੰਘਾਂ ਨੇ ਅਜਿਹੀ ਸੂਰਬੀਰਤਾ ਵਿਖਾਈ ਕਿ ਸ਼ਾਹੀ ਫ਼ੌਜਾਂ ਵਿੱਚ ਭਾਜੜ ਪੈ ਗਈ । ਇੰਨੇ ਚਿਰ ਨੂੰ ਹਾਜੀ ਅਤਾਈ ਖ਼ਾਂ ਵੀ ਤੋਪਾਂ ਲੈ ਕੇ ਪਹੁੰਚ ਗਿਆ । ਫਿਰ ਤਾਂ ਉੱਥੇ ਬੜੇ ਘਮਸਾਣ ਦੀ ਲੜਾਈ ਹੋਈ । ਸਿੱਖ ਸਹਿਜ-ਸਹਿਜੇ ਲੜਦੇ ਹੋਏ ਅਗਾਂਹ ਵੱਧਦੇ ਗਏ । ਜਦੋਂ ਅੰਮ੍ਰਿਤਸਰ ਦੇ ਬਾਹਰ ਰਾਮਸਰ ਸਰੋਵਰ ਦੇ ਪਾਸ ਪਹੁੰਚੇ ਤਾਂ ਬਾਬਾ

ਦੀਪ ਸਿੰਘ ਜੀ ਨੂੰ ਧੌਣ (ਗਰਦਨ) ਵਿੱਚ ਤਲਵਾਰ ਦਾ ਗਹਿਰਾ ਮਾਰੂ ਫੱਟ ਲੱਗਾ । ਉਹ ਡਿੱਗਣ ਹੀ ਲੱਗੇ ਸਨ ਕਿ ਨਾਲ ਦੇ ਇੱਕ ਸਿੰਘ ਨੇ ਕਿਹਾ, "ਬਾਬਾ ਜੀ ! ਤੁਸਾਂ ਤਾਂ ਅਰਦਾਸਾ ਸੋਧਿਆ ਸੀ ਕਿ ਦਰਬਾਰ ਸਾਹਿਬ ਪਹੁੰਚ ਕੇ ਸ਼ਹੀਦ ਹੋਵਾਂਗੇ, ਪ੍ਰੰਤੂ ਤੁਸੀਂ ਤਾਂ ਇੱਥੇ ਹੀ ਫ਼ਤਿਹ ਗਜਾ ਚਲੇ ਹੋ, ਤਾਂ ਬਾਬਾ ਜੀ ਨੇ ਹੌਂਸਲੇ ਨਾਲ ਸੀਸ ਨੂੰ ਖੱਬੇ ਹੱਥ ਨਾਲ ਠੱਲ੍ਹਿਆ ਅਤੇ ਸੱਜੇ ਹੱਥ ਨਾਲ ਖੰਡਾ ਵਾਹੁੰਦੇ ਹੋਏ ਤੇ ਵੈਰੀਆਂ ਦੇ ਆਹੂ ਲਾਹੁੰਦੇ ਹੋਏ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਜਾ ਪੁੱਜੇ । ਉੱਥੇ ਪਹੁੰਚ ਕੇ ਆਪ ਜੀ ਸ਼ਹੀਦ ਹੋ ਗਏ । ਇਹ ਘਟਨਾ ੧੧ ਨਵੰਬਰ ਸੰਨ ੧੭੫੭ ਈਸਵੀ ਦੀ ਹੈ ।

ਆਓ ! ਅਸੀਂ ਵੀ ਆਪਣੇ ਪੁਰਾਤਨ ਬਜ਼ੁਰਗਾਂ ਦੇ ਨਕਸ਼ੇ-ਕਦਮਾਂ ਤੇ ਤੁਰਦੇ ਹੋਏ ਆਪਣੇ ਗੁਰਧਾਮਾਂ, ਗੁਰਦੁਆਰਿਆਂ ਤੇ ਸਿੱਖੀ ਦੇ ਸੋਮਿਆਂ ਦੀ ਪਵਿੱਤਰਤਾ ਨੂੰ ਹਰ ਕੀਮਤ ਤੇ ਕਾਇਮ ਰੱਖਣ ਦਾ ਪ੍ਰਣ ਕਰੀਏ ਤਾਂ ਜੋ ਸਿੱਖ ਗੁਰਧਾਮਾਂ ਦੀ ਬੇਅਦਬੀ ਕਰਨ ਦਾ, ਕਦੇ ਵੀ ਕਿਸੇ ਜਰਵਾਣੇ ਨੂੰ ਹੀਆ ਨਾ ਪੈ ਸਕੇ । ਸਾਡੇ ਗੁਰਧਾਮ ਸਾਨੂੰ ਜਾਨ ਤੋਂ ਵੀ ਵੱਧ ਪਿਆਰੇ ਹਨ, ਪਰ ਇਹ ਹੋਵੇਗਾ ਉਦੋਂ ਹੀ ਜਦੋਂ ਸਾਨੂੰ ਗੁਰੂ ਨਾਲ ਦਿਲੀ-ਪਿਆਰ ਹੋਵੇਗਾ ।

**********